ਐਤਵਾਰ, 16 ਮਾਰਚ, 2025

3 ਚੇਤ { ਨਾਨਕਸ਼ਾਹੀ 557 / ਬਿਕਰਮੀ 2081 }

ਜਿਲਦ/VOL. : 73

ਅੰਕ/NO. : 284

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SUNDAY, 16 MARCH, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਗੈਰਤਮੰਦ ਭਾਰਤੀ ਕੁੜੀ ਨੇ ਅਮਰੀਕਾ ਛੱਡਿਆ



**ਨਿਊ ਯਾਰਕ** : ਕੋਲੰਬੀਆ ਯੂਨੀਵਰਸਿਟੀ ਵਿੱਚ ਪੜ੍ਹਦੀ ਭਾਰਤੀ ਵਿਦਿਆਰਥਣ ਦਾ ਵੀਜ਼ਾ ਅਮਰੀਕਾ ਵੱਲੋਂ ਕਥਿਤ ਤੌਰ 'ਤੇ 'ਹਿੰਸਾ ਅਤੇ ਅੱਤਵਾਦ ਦੀ ਵਕਾਲਤ' ਕਰਨ ਅਤੇ ਹਮਾਸ ਦਾ ਸਮਰਥਨ ਕਰਨ ਵਾਲੀਆਂ ਸਰਗਰਮੀਆਂ ਵਿੱਚ ਸ਼ਾਮਲ ਹੋਣ ਕਾਰਨ ਰੱਦ ਕਰ ਦਿੱਤੇ ਜਾਣ ਤੋਂ ਬਾਅਦ ਉਸ ਨੇ ਖੁਦ ਹੀ ਮੁਲਕ ਛੱਡ ਦਿੱਤਾ ਹੈ। ਰੰਜਨੀ ਸ੍ਰੀਨਿਵਾਸਨ ਕੋਲੰਬੀਆ ਯੂਨੀਵਰਸਿਟੀ ਵਿੱਚ ਸ਼ਹਿਰੀ ਯੋਜਨਾਬੰਦੀ ਵਿੱਚ ਡਾਕਟਰੇਟ ਕਰਨ ਅਮਰੀਕਾ ਗਈ ਸੀ। ਗ੍ਰਹਿ ਸੁਰੱਖਿਆ ਸਕੱਤਰ ਕ੍ਰਿਸਟੀ ਨੋਇਮ—ਕਿਹਾ ਕਿ ਅਮਰੀਕਾ ਵਿੱਚ ਰਹਿਣ ਅਤੇ ਪੜ੍ਹਾਈ ਕਰਨ ਲਈ ਵੀਜ਼ਾ ਦਿੱਤਾ ਜਾਣਾ ਇੱਕ ਵਿਸ਼ੇਸ਼ ਅਧਿਕਾਰ ਹੈ। ਮੈਨੂੰ ਇਹ ਦੇਖ ਕੇ ਖੁਸ਼ੀ ਹੋਈ ਕਿ ਕੋਲੰਬੀਆ ਯੂਨੀਵਰਸਿਟੀ ਦੇ ਅੱਤਵਾਦੀ ਹਮਦਰਦਾਂ ਵਿੱਚੋਂ ਇੱਕ ਨੇ ਖੁਦ ਹੀ ਅਮਰੀਕਾ ਛੱਡ ਦਿੱਤਾ।

## ਮਨਦੀਪ ਤੇ ਉਦਿਤਾ ਦਾ 21 ਨੂੰ ਵਿਆਹ



**ਜਲੰਧਰ** : ਉਲੰਪੀਅਨ ਹਾਕੀ ਸਟਾਰ ਮਨਦੀਪ ਸਿੰਘ ਤੇ ਉਦਿਤਾ ਕੌਰ ਮਾਡਲ ਟਾਊਨ ਦੇ ਗੁਰਦੁਆਰੇ ਵਿੱਚ 21 ਮਾਰਚ ਨੂੰ ਲਾਵਾਂ ਲੈਣਗੇ। ਮਨਦੀਪ ਸਿੰਘ ਜਲੰਧਰ ਅਤੇ ਉਦਿਤਾ ਕੌਰ ਹਿਸਾਰ ਤੋਂ ਹਨ। ਦੋਹਾਂ ਨੇ ਟੋਕੀਓ ਉਲੰਪਿਕ ਹਾਕੀ-2020 ਵਿੱਚ ਹਿੱਸਾ ਲਿਆ ਸੀ। ਮਨਦੀਪ ਸਿੰਘ ਦੀ ਅਗਵਾਈ ਵਾਲੀ ਪੁਰਸ਼ ਟੀਮ ਨੇ ਕਾਂਸੀ ਦਾ ਤਮਗਾ ਜਿੱਤਿਆ ਸੀ, ਜਦੋਂਕਿ ਉਦਿਤਾ ਕੌਰ ਵਾਲੀ ਮਹਿਲਾ ਟੀਮ ਚੌਥੇ ਸਥਾਨ 'ਤੇ ਰਹੀ ਸੀ।

## ਬਰੈਂਪਟਨ 'ਚ ਪੰਜਾਬੀ ਨੌਜਵਾਨ ਦੀ ਦਮ ਘੁਟਣ ਨਾਲ ਮੌਤ



**ਵੈਨਕੂਵਰ** : ਬਰੈਂਪਟਨ ਵਿੱਚ ਗੈਰਾਜ 'ਚ ਖੜ੍ਹੀ ਸਟਾਰਟ ਕਾਰ ਵਿੱਚ ਬੈਠੇ ਸਿਰਸਾ ਦੇ ਰੂਪਕ ਸਿੰਘ (25) ਦੀ ਕਾਰਬਨ ਮੋਨੋਆਕਸਾਈਡ ਗੈਸ ਚੜ੍ਹਨ ਕਾਰਨ ਮੌਤ ਹੋ ਗਈ। ਉਹ ਕੁਝ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਇਆ ਸੀ। ਉਸ ਨੇ ਆਪਣੀ ਰਿਹਾਇਸ਼ 'ਤੇ ਕਾਰ ਨੂੰ ਗੈਰਾਜ ਅੰਦਰ ਵਾੜ ਕੇ ਮਾਪਿਆਂ ਨੂੰ ਫੋਨ ਲਾ ਲਿਆ। ਠੰਢ ਤੋਂ ਬਚਣ ਲਈ ਕਾਰ ਦਾ ਇੰਜਣ ਬੰਦ ਨਾ ਕੀਤਾ। ਗੱਲ ਲੰਮੀ ਹੋ ਗਈ ਤੇ ਗੈਰਾਜ ਦਾ ਗੇਟ ਬੰਦ ਹੋਣ ਕਾਰਨ ਸਟਾਰਟ ਕਾਰ 'ਚੋਂ ਨਿਕਲਦੀ ਜ਼ਹਿਰੀਲੀ ਗੈਸ ਕਾਰਬਨ ਮੋਨੋਆਕਸਾਈਡ ਕਾਰ ਦੇ ਅੰਦਰ ਤੱਕ ਫੈਲ ਗਈ। ਸਾਹ ਬੰਦ ਹੋਣ ਕਰਕੇ ਉਸ ਦੀ ਕਾਰ ਵਿੱਚ ਹੀ ਮੌਤ ਹੋ ਗਈ।

## ਹਰਿਆਣਾ 'ਚ ਭਾਜਪਾ ਆਗੂ ਦੀ ਹੱਤਿਆ

**ਸੋਨੀਪਤ** : ਗੋਹਾਨਾ ਖੇਤਰ ਦੇ ਜਵਾਹਰਾ ਪਿੰਡ ਵਿੱਚ ਹੋਲੀ ਵਾਲੇ ਦਿਨ ਭਾਜਪਾ ਦੇ ਮੁੰਡਾਲਾਨਾ ਮੰਡਲ ਦੇ ਪ੍ਰਧਾਨ ਤੇ ਨੰਬਰਦਾਰ 42 ਸਾਲਾ ਸੁਰਿੰਦਰ ਕੁਮਾਰ ਦੀ ਗੁਆਂਢੀ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਸੁਰਿੰਦਰ ਬਚਣ ਲਈ ਦੁਕਾਨ ਵਿੱਚ ਵੜਿਆ, ਪਰ ਹਮਲਾਵਰ ਨੇ ਪਿੱਛਾ ਕਰਕੇ ਉਸ ਨਾਲ ਹੱਥੋਪਾਈ ਦੌਰਾਨ ਉਸ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ। ਪੁਲਸ ਮੁਤਾਬਕ ਮਾਮਲਾ ਜ਼ਮੀਨ ਸੰਬੰਧੀ ਵਿਵਾਦ ਦਾ ਦੱਸਿਆ ਗਿਆ ਹੈ।

# ਅੰਮ੍ਰਿਤਸਰ 'ਚ ਫਿਰਕੂ ਤਣਾਅ ਪੈਦਾ ਕਰਨ ਦੀ ਕੋਸ਼ਿਸ਼



**ਅੰਮ੍ਰਿਤਸਰ** : ਇੱਥੇ ਖੰਡ ਵਾਲਾ ਇਲਾਕੇ ਵਿੱਚ ਮੰਦਰ ਦੇ ਕੋਲ ਹੋਏ ਧਮਾਕੇ ਕਾਰਨ ਇਲਾਕੇ ਵਿੱਚ ਡਰ ਅਤੇ ਤਣਾਅ ਵਾਲਾ ਮਾਹੌਲ ਪੈਦਾ ਹੋ ਗਿਆ। ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵਿੱਚ ਦਿਖਾਈ ਦਿੱਤਾ ਹੈ ਕਿ ਮੋਟਰਸਾਈਕਲ ਸਵਾਰ ਵਿਅਕਤੀਆਂ ਵੱਲੋਂ 14 ਅਤੇ 15 ਮਾਰਚ ਦੀ ਦਰਮਿਆਨੀ ਰਾਤ ਮੰਦਰ ਦੀ ਇਮਾਰਤ 'ਤੇ ਕੋਈ ਚੀਜ਼ ਸੁੱਟੀ ਗਈ, ਜਿਸ ਤੋਂ ਬਾਅਦ ਵਿਸਫੋਟ ਹੋਇਆ। ਧਮਾਕੇ ਵੇਲੇ ਮੰਦਰ ਦਾ ਪੁਜਾਰੀ ਅਤੇ ਉਸ ਦਾ ਪਰਵਾਰ ਉਪਰਲੀ ਮੰਜ਼ਲ 'ਤੇ ਸਨ। ਇਸ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਮੰਦਰ ਦੀ ਇੱਕ ਕੰਧ ਨੂੰ ਨੁਕਸਾਨ ਪੁੱਜਾ ਹੈ। ਕੁਝ ਸਮੇਂ ਤੋਂ ਪੁਲਸ ਇਮਾਰਤਾਂ ਦੇ ਬਾਹਰ ਅਤੇ ਅੰਦਰ ਧਮਾਕੇ ਹੋਏ ਸਨ, ਪਰ ਕਿਸੇ ਧਰਮ ਸਥਾਨ ਦੀ ਇਮਾਰਤ ਵਿੱਚ ਅਜਿਹਾ ਧਮਾਕਾ ਪਹਿਲੀ ਵਾਰ ਹੋਇਆ ਹੈ। ਕੇਂਦਰੀ ਰਾਜ ਮੰਤਰੀ ਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਨੇ ਇਸ ਨੂੰ ਬੰਬ ਧਮਾਕਾ ਦੱਸਦਿਆਂ ਕਿਹਾ ਕਿ 'ਆਪ' ਸਰਕਾਰ ਸੂਬੇ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਅਸਫਲ ਸਾਬਤ ਹੋਈ ਹੈ ਅਤੇ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਬਦਤਰ ਹੋ ਚੁੱਕੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਵਿੱਚ ਅਜਿਹੇ 13 ਧਮਾਕੇ ਹੋ ਚੁੱਕੇ ਹਨ। ਧਮਾਕਾ ਕਰਨ ਵਾਲਿਆਂ ਨੂੰ ਕਾਬੂ ਕਰ ਕੇ ਘਟਨਾ ਪਿੱਛੇ ਕੰਮ ਕਰਦੀ ਸਾਜ਼ਿਸ਼ ਨੂੰ ਬੇਨਕਾਬ ਕੀਤਾ ਜਾਣਾ ਚਾਹੀਦਾ ਹੈ।

## ਕੈਗ ਬਾਰੇ ਪਟੀਸ਼ਨ 'ਤੇ ਭਲਕੇ ਸੁਣਵਾਈ

**ਨਵੀਂ ਦਿੱਲੀ** : ਸੁਪਰੀਮ ਕੋਰਟ 17 ਮਾਰਚ ਨੂੰ ਉਸ ਪਟੀਸ਼ਨ 'ਤੇ ਸੁਣਵਾਈ ਕਰੇਗੀ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਦੀ ਨਿਯੁਕਤੀ ਦੀ ਮੌਜੂਦਾ ਪ੍ਰਥਾ ਨੂੰ ਸੰਵਿਧਾਨ ਦੀ ਉਲੰਘਣਾ ਕਰਾਰ ਦਿੱਤਾ ਜਾਵੇ, ਕਿਉਂਕਿ ਇਸ ਵਿੱਚ ਨਿਯੁਕਤੀ ਸਿਰਫ ਕਾਰਜ ਪਾਲਿਕਾ ਅਤੇ ਪ੍ਰਧਾਨ ਮੰਤਰੀ ਵੱਲੋਂ ਕੀਤੀ ਜਾਂਦੀ ਹੈ। ਇਹ ਲੋਕਹਿੱਤ ਪਟੀਸ਼ਨ ਸੈਂਟਰ ਫਾਰ ਪਬਲਿਕ ਇੰਟਰਸਟ ਲਿਟੀਗੇਸ਼ਨ ਨੇ ਦਾਇਰ ਕੀਤੀ ਹੈ ਅਤੇ ਇਸ ਵਿੱਚ ਮੰਗ ਕੀਤੀ ਗਈ ਹੈ ਕਿ ਕੈਗ ਦੀ ਨਿਯੁਕਤੀ ਰਾਸ਼ਟਰਪਤੀ ਵੱਲੋਂ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ ਅਤੇ ਭਾਰਤ ਦੇ ਚੀਫ ਜਸਟਿਸ ਦੀ ਇੱਕ ਸੁਤੰਤਰ ਅਤੇ ਨਿਰਪੱਖ ਚੋਣ ਕਮੇਟੀ ਨਾਲ ਸਲਾਹ-ਮਸ਼ਵਰਾ ਕਰਕੇ ਅਤੇ ਪਾਰਦਰਸ਼ੀ ਢੰਗ ਨਾਲ ਕਰਨੀ ਯਕੀਨੀ ਬਣਾਈ ਜਾਵੇ। ਕੈਗ ਦੀ ਨਿਯੁਕਤੀ ਲਈ ਨਿਰਦੇਸ਼ ਸੂਚਨਾ ਕਮਿਸ਼ਨਾਂ ਅਤੇ ਕੇਂਦਰੀ ਵਿਜੀਲੈਂਸ ਕਮਿਸ਼ਨ ਸਮੇਤ ਹੋਰ ਸੰਸਥਾਵਾਂ ਦੀ ਨਿਯੁਕਤੀ ਦੇ ਸਮਾਨ ਹੋਣੇ ਚਾਹੀਦੇ ਹਨ। ਵਕੀਲ ਪ੍ਰਸ਼ਾਂਤ ਭੂਸ਼ਣ ਰਾਹੀਂ ਦਾਇਰ ਪਟੀਸ਼ਨ 'ਤੇ ਸੋਮਵਾਰ ਨੂੰ ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਐੱਨ ਕੋਟੀਸ਼ਵਰ ਸਿੰਘ ਦੀ ਬੈਂਚ ਸੁਣਵਾਈ ਕਰੇਗੀ।

## ਭਾਜਪਾ ਸਿਆਸੀ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਹੱਦਬੰਦੀ ਨੂੰ ਵਰਤ ਰਹੀ : ਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**

ਦੇਸ਼ ਵਿੱਚ ਸੰਸਦੀ ਹਲਕਿਆਂ ਦੀ ਹੱਦਬੰਦੀ ਪ੍ਰਕਿਰਿਆ ਨੂੰ ਲਾਗੂ ਕਰਨ ਦੇ ਤਰੀਕੇ 'ਤੇ ਗੰਭੀਰ ਸਵਾਲ ਖੜ੍ਹੇ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਦਕਿਸਮਤੀ ਨਾਲ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਸ ਗਲਤ ਅਮਲ ਰਾਹੀਂ ਆਪਣੇ ਰਾਜਨੀਤਕ ਵਿਰੋਧੀਆਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

72 ਅਧਿਆਪਕਾਂ ਦੇ ਬੈਚ ਨੂੰ ਹਰੀ ਝੰਡੀ ਦਿਖਾ ਕੇ ਫਿਨਲੈਂਡ ਲਈ ਰਵਾਨਾ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਪਣਾਇਆ ਗਿਆ ਗੈਰ-ਜਮਹੂਰੀ ਤਰੀਕਾ ਭਾਜਪਾ ਅਤੇ ਇਸ ਦੀ ਜੁੰਡਲੀ ਦੇ ਇਰਾਦੇ ਬਾਰੇ ਸ਼ੱਕ ਪੈਦਾ ਕਰਦਾ ਹੈ। ਉਨ੍ਹਾ ਕਿਹਾ ਕਿ ਰਣਨੀਤਕ ਤੌਰ 'ਤੇ ਉਨ੍ਹਾਂ ਸੂਬਿਆਂ ਦੀਆਂ ਸੀਟਾਂ ਘੱਟ ਕੀਤੀਆਂ ਜਾ ਰਹੀਆਂ ਹਨ, ਜਿੱਥੇ ਭਾਜਪਾ ਅਤੇ ਇਸ ਦੇ ਸਹਿਯੋਗੀ ਕਮਜ਼ੋਰ ਹਨ, ਜਦੋਂ ਕਿ ਉਨ੍ਹਾਂ ਰਾਜਾਂ ਦੀਆਂ ਸੀਟਾਂ ਵਧਾਈਆਂ ਜਾ ਰਹੀਆਂ ਹਨ, ਜਿੱਥੇ ਭਾਜਪਾ ਦਾ ਫੁੱਟ ਪਾਊ ਏਜੰਡਾ ਪ੍ਰਫੁੱਲਤ ਹੋ ਰਿਹਾ ਹੈ। ਮਾਨ ਨੇ ਕਿਹਾ ਕਿ ਲੋਕਤੰਤਰ ਦਾ ਮੂੰਹ ਬੰਦ ਕਰਨ ਵਾਲੇ ਕੇਂਦਰ ਸਰਕਾਰ ਦੇ ਇਸ ਕਦਮ ਵਿਰੁੱਧ ਸਾਰੀਆਂ ਹਮਖਿਆਲੀ ਪਾਰਟੀਆਂ ਹੱਥ ਮਿਲਾਉਣਗੀਆਂ। ਇਕ

• ਬਾਕੀ ਸਫਾ 2 'ਤੇ

## ਸ਼ਿਵ ਸੈਨਾ ਆਗੂ ਦੇ ਕਤਲ ਕੇਸ 'ਚ ਤਿੰਨ ਗ੍ਰਿਫਤਾਰ

**ਸ੍ਰੀ ਮੁਕਤਸਰ ਸਾਹਿਬ/ਮਲੋਟ/ਮੋਗਾ (ਸ਼ਮਿੰਦਰ ਪਾਲ, ਪੂਜਾ/ਗੁਰਮੀਤ ਸਿੰਘ ਮੱਕੜ/ਇਕਬਾਲ ਸਿੰਘ ਖਹਿਰਾ)**

ਮੋਗਾ 'ਚ ਸ਼ਿਵ ਸੈਨਾ ਬਾਲ ਠਾਕਰੇ (ਸ਼ਿੰਦੇ ਗਰੁੱਪ) ਦੇ ਜ਼ਿਲ੍ਹਾ ਪ੍ਰਧਾਨ ਮੰਗਤ ਰਾਏ ਮੰਗਾ ਦੇ 13 ਮਾਰਚ ਨੂੰ ਤਿੰਨ ਮੋਟਰਸਾਈਕਲ ਸਵਾਰਾਂ ਵੱਲੋਂ ਕੀਤੇ ਕਤਲ ਦੇ ਸੰਬੰਧ 'ਚ ਮਲੋਟ ਅਤੇ ਮੋਗਾ ਸੀ ਆਈ ਏ ਸਟਾਫ ਨੇ ਸਾਂਝਾ ਅਪ੍ਰੇਸ਼ਨ ਕਰਦਿਆਂ ਤਿੰਨੇ ਮੁਲਜ਼ਮ ਕਾਬੂ ਕਰ ਲਏ। ਐੱਸ ਐੱਸ ਪੀ ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਮੰਗਾ ਪ੍ਰਧਾਨ ਦਾ ਸ਼ਰਮਾ ਡੇਅਰੀ, ਗਿੱਲ ਪੈਲੇਸ, ਮੋਗਾ ਸ਼ਹਿਰ ਨੇੜੇ ਕਤਲ ਕੀਤਾ ਗਿਆ ਸੀ। ਇਸ ਸੰਬੰਧੀ 3 ਅਣਪਛਾਤਿਆਂ ਸਣੇ 6 ਮੁਲਜ਼ਮਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ। ਪੁਲਸ ਨੂੰ ਸੂਚਨਾ ਮਿਲੀ ਕਿ 3 ਮੁਲਜ਼ਮ ਮਲੋਟ ਬੱਸ ਸਟੈਂਡ ਨੇੜੇ ਲੁਕੇ ਹੋਏ ਹਨ। ਪੁਲਸ ਨੇ ਇਲਾਕੇ ਦੀ ਘੇਰਾਬੰਦੀ ਕਰਦੇ ਹੋਏ ਮੁਲਜ਼ਮਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ। ਮੁਲਜ਼ਮਾਂ ਨੇ ਪੁਲਸ ਉਪਰ ਗੋਲੀ ਚਲਾਈ। ਜਵਾਬੀ ਗੋਲੀਬਾਰੀ ਵਿੱਚ ਦੋ ਮੁਲਜ਼ਮ ਜ਼ਖਮੀ ਹੋ ਗਏ,

• ਬਾਕੀ ਸਫਾ 2 'ਤੇ

## ਟਰੰਪ ਮਜ਼ਾਕ ਵੀ ਕਰਦੈ!

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਬਿਆਨਾਂ ਅਤੇ ਫੈਸਲਿਆਂ ਲਈ ਅਕਸਰ ਸੁਰਖੀਆਂ ਵਿੱਚ ਰਹਿੰਦੇ ਹਨ, ਪਰ ਇਸ ਵਾਰ ਉਹ ਅਜੀਬ ਘਟਨਾ ਕਾਰਨ ਸੁਰਖੀਆਂ ਵਿੱਚ ਆ ਗਏ। ਜੁਆਇੰਟ ਬੇਸ ਐਂਡਰਿਊਜ਼ ਵਿਖੇ ਸ਼ੁੱਕਰਵਾਰ ਜਹਾਜ਼ ਚੜ੍ਹਨ ਤੋਂ ਪਹਿਲਾਂ ਮੀਡੀਆ ਨਾਲ ਗੱਲ ਕਰਦੇ ਸਮੇਂ ਇੱਕ ਮਹਿਲਾ ਪ੍ਰੈੱਸ ਰਿਪੋਰਟਰ ਦਾ ਮਾਈਕ੍ਰੋਫੋਨ ਉਨ੍ਹਾ ਦੇ ਮੂੰਹ 'ਤੇ ਜਾ ਵੱਜਿਆ। ਟਰੰਪ ਇਸ ਅਣਕਿਆਸੀ ਘਟਨਾ ਤੋਂ ਹੈਰਾਨ ਰਹਿ ਗਏ ਅਤੇ ਤੁਰੰਤ ਆਪਣਾ ਸਿਰ ਪਿੱਛੇ ਕੀਤਾ। ਹਾਲਾਂਕਿ ਉਨ੍ਹਾ ਆਪਣਾ ਖਾਸ ਗੁੱਸਾ ਜ਼ਾਹਰ ਨਹੀਂ ਕੀਤਾ। ਟਰੰਪ ਨੇ ਰਿਪੋਰਟਰ ਵੱਲ ਰਤਾ ਟੇਢੀ ਨਿਗਾਹ ਮਾਰੀ ਅਤੇ ਆਪਣੀਆਂ ਦੋਵੇਂ ਭਵਾਂ ਨੂੰ ਚੜ੍ਹਾਉਂਦਿਆਂ ਥੋੜ੍ਹੀ ਜਿਹੀ ਪ੍ਰਤੀਕਿਰਿਆ ਦਿੱਤੀ। ਹਾਲਾਂਕਿ, ਇਸ ਤੋਂ ਫੌਰੀ ਬਾਅਦ ਪ੍ਰੈੱਸ ਰਿਪੋਰਟਰ ਨੂੰ ਮੁਆਫੀ ਮੰਗਦੇ ਸੁਣਿਆ ਗਿਆ। ਟਰੰਪ ਨੇ ਕੋਲੋਂ ਲੰਘਦੇ ਵਿਅਕਤੀ ਨੂੰ ਮਜ਼ਾਕ ਵਿੱਚ ਇਹ ਕਹਿੰਦਿਆਂ ਮਾਹੌਲ ਨੂੰ ਹਲਕਾ ਕੀਤਾ, ਕੀ ਤੁਸੀਂ ਕੁਝ ਦੇਖਿਆ? ਇਸ ਕੁੜੀ (ਰਿਪੋਰਟਰ) ਨੇ ਅੱਜ ਟੈਲੀਵਿਜ਼ਨ 'ਤੇ ਹਲਚਲ ਮਚਾ ਦਿੱਤੀ ਹੈ। ਇਹ ਅੱਜ ਰਾਤ ਵੱਡੀ ਖਬਰ ਹੋਣ ਵਾਲੀ ਹੈ!'

## ਅੰਮ੍ਰਿਤਸਰ, ਲੁਧਿਆਣਾ ਤੇ ਜਲੰਧਰ ਦੀਆਂ ਸੜਕਾਂ ਵਿਸ਼ਵ ਪੱਧਰੀ ਬਣਨਗੀਆਂ

**ਚੰਡੀਗੜ੍ਹ (ਗੁਰਜੀਤ ਬਿੱਲਾ/ਕ੍ਰਿਸ਼ਨ ਗਰਗ)**



ਪੰਜਾਬ ਦੇ ਸ਼ਹਿਰੀ ਵਿਕਾਸ ਵਿੱਚ ਕ੍ਰਾਂਤੀ ਲਿਆਉਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸ਼ਨੀਵਾਰ ਰਾਜ ਦੇ ਸ਼ਹਿਰਾਂ ਵਿੱਚ ਵਿਸ਼ਵ ਪੱਧਰੀ ਸੜਕਾਂ-ਗਲੀਆਂ ਵਿਕਸਤ ਕਰਨ ਲਈ ਇੱਕ ਮਹੱਤਵਪੂਰਨ ਪ੍ਰੋਜੈਕਟ ਸ਼ੁਰੂ ਕਰਨ ਦਾ ਐਲਾਨ ਕੀਤਾ। ਇਹ ਪਹਿਲਕਦਮੀ ਪੰਜਾਬ ਲਈ ਪਹਿਲੀ ਇਤਿਹਾਸਕ ਪਹਿਲ ਹੈ, ਜਿਸ ਦੇ ਸ਼ੁਰੂਆਤੀ ਪੜਾਅ ਵਿੱਚ ਤਿੰਨ ਵੱਡੇ ਸ਼ਹਿਰਾਂ ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਦੀ ਚੋਣ ਕੀਤੀ ਗਈ ਹੈ। ਇਹ ਸ਼ਹਿਰ ਜਲਦੀ ਹੀ 140 ਕਰੋੜ ਰੁਪਏ ਤੋਂ ਵੱਧ ਦੇ ਇਸ ਪ੍ਰੋਜੈਕਟ ਤਹਿਤ ਆਪਣੀਆਂ 42 ਕਿਲੋਮੀਟਰ ਲੰਮੀਆਂ ਪ੍ਰਮੁੱਖ ਸੜਕਾਂ-ਗਲੀਆਂ ਨੂੰ ਡਿਜ਼ਾਈਨ ਕੀਤੇ ਗਏ ਸ਼ਹਿਰੀ ਸਥਾਨਾਂ ਵਿੱਚ ਬਦਲਣ ਦੀ ਗਵਾਹੀ ਭਰਨਗੇ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਇਸ ਪ੍ਰਾਜੈਕਟ ਦੇ ਨਤੀਜਿਆਂ ਅਤੇ ਲੋਕਾਂ ਤੋਂ ਪ੍ਰਾਪਤ ਫੀਡਬੈਕ ਦੇ ਆਧਾਰ 'ਤੇ ਇਸ ਪ੍ਰੋਜੈਕਟ ਨੂੰ ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚ ਲਾਗੂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਚਾਰ ਮੁੱਖ ਗਤੀਵਿਧੀਆਂ ਦੀ ਰੂਪਰੇਖਾ ਉਲੀਕੀ ਗਈ ਹੈ, ਜੋ ਸ਼ਹਿਰ ਦੀਆਂ ਸੜਕਾਂ ਦੀ ਦਿੱਖ ਨੂੰ ਮੁੜ ਪਰਿਭਾਸ਼ਿਤ ਕਰਨਗੀਆਂ। ਉਨ੍ਹਾ ਕਿਹਾ ਕਿ ਟਰੈਫਿਕ ਦੀਆਂ ਰੁਕਾਵਟਾਂ ਨੂੰ ਦੂਰ ਕਰਨ, ਸੜਕ ਦੀ ਇਕਸਾਰ ਚੌੜਾਈ ਨੂੰ ਯਕੀਨੀ ਬਣਾਉਣ ਅਤੇ ਵਾਰ-ਵਾਰ ਹੋਣ ਵਾਲੇ ਨੁਕਸਾਨ ਨੂੰ ਰੋਕਣ ਲਈ ਡਰੇਨੇਜ ਸਿਸਟਮ ਨੂੰ ਦਰੁਸਤ ਕਰਦਿਆਂ ਸੜਕਾਂ ਨੂੰ ਵਿਆਪਕ ਰੂਪ ਨਾਲ ਡਿਜ਼ਾਇਨ ਕੀਤਾ ਜਾਵੇਗਾ। ਧੂੜ ਪ੍ਰਦੂਸ਼ਣ ਨੂੰ ਰੋਕਣ ਲਈ ਲੈਂਡਸਕੇਪਿੰਗ ਰਾਹੀਂ ਆਕਰਸ਼ਕ ਫੁੱਟਪਾਥਾਂ ਦਾ ਨਿਰਮਾਣ ਵੀ ਸ਼ਾਮਲ ਹੈ। ਉਨ੍ਹਾ ਕਿਹਾ ਕਿ ਸਟਰੀਟ ਲਾਈਟਾਂ, ਬੱਸ ਸਟੈਂਡਾਂ ਅਤੇ ਵਾਟਰ ਸਪਲਾਈ ਲਾਈਨਾਂ ਵਰਗੀਆਂ

• ਬਾਕੀ ਸਫਾ 2 'ਤੇ

## ਕੋਟਕਪੂਰਾ 'ਚ ਪੰਜ ਘਰ ਢਾਹੇ

**ਕੋਟਕਪੂਰਾ** : ਪੁਲਸ ਨੇ ਸਨਿੱਚਰਵਾਰ ਇੱਥੇ ਨਸ਼ਾ ਵੇਚਣ ਲਈ ਬਦਨਾਮ ਇਲਾਕੇ ਵਿੱਚ ਸੂਬੇ ਦਾ ਸਭ ਤੋਂ ਵੱਡਾ ਬੁਲਡੋਜ਼ਰ ਐਕਸ਼ਨ ਕਰਦਿਆਂ ਇੱਕੋ ਵੇਲੇ 5 ਘਰ ਢਾਹ ਦਿੱਤੇ। ਇਨ੍ਹਾਂ ਵਿੱਚੋਂ 3 ਘਰ ਕਥਿਤ ਮਹਿਲਾ ਨਸ਼ਾ ਤਸਕਰਾਂ ਦੇ ਸਨ, ਜਿਨ੍ਹਾਂ ਉਪਰ ਕਈ ਕੇਸ ਦਰਜ ਸਨ।

ਦੁਪਹਿਰ 12 ਵਜੇ ਦੇ ਕਰੀਬ ਪੁਲਸ ਨੇ ਜਲਾਲੇਆਣਾ ਰੋਡ 'ਤੇ ਸਥਿਤ ਘਰਾਂ 'ਤੇ ਬੁਲਡੋਜ਼ਰ ਚਲਾਉਣ ਦੀ ਕਾਰਵਾਈ ਸ਼ੁਰੂ ਕੀਤੀ।

ਇਸ ਦੀ ਅਗਵਾਈ ਫਰੀਦਕੋਟ ਦੀ ਐੱਸ ਐੱਸ ਪੀ ਡਾ. ਪ੍ਰਗਿਆ ਜੈਨ ਅਤੇ ਨਗਰ ਕੌਂਸਲ ਦੇ ਅਧਿਕਾਰੀਆਂ ਨੇ ਸਾਂਝੇ ਰੂਪ ਵਿੱਚ ਕੀਤੀ। ਐੱਸ ਐੱਸ ਪੀ ਨੇ ਦੱਸਿਆ ਕਿ ਨਗਰ ਕੌਂਸਲ ਨੇ ਲਿਖਤੀ ਰੂਪ ਵਿੱਚ ਰਿਪੋਰਟ ਦਿੱਤੀ ਸੀ ਕਿ ਇੱਥੇ 5 ਦੇ ਕਰੀਬ ਘਰ ਕੌਂਸਲ ਦੀ ਥਾਂ 'ਤੇ ਨਜਾਇਜ਼ ਕਬਜ਼ਾ ਕਰ ਕੇ ਬਣਾਏ ਹੋਏ ਹਨ, ਜਿਨ੍ਹਾਂ ਨੂੰ ਹਟਾਇਆ ਜਾਵੇ।

ਉਨ੍ਹਾ ਸਪੱਸ਼ਟ ਕਿਹਾ ਕਿ ਇਹ ਕਾਵਰਾਈ ਇੱਥੇ ਨਹੀਂ ਰੁਕੇਗੀ, ਬਲਕਿ ਹੋਰ ਅੱਗੇ ਫਰੀਦਕੋਟ, ਜੈਤੋ ਅਤੇ ਲਾਗਲੇ ਪਿੰਡਾਂ ਵਿੱਚ ਵੀ ਚੱਲੇਗੀ। ਘਰ ਢਾਹੁਣ ਵੇਲੇ ਲੋਕਾਂ ਨੇ ਪੰਜਾਬ ਪੁਲਸ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ। ਇਸ ਸਮੇਂ ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਸੁਤੰਤਰਜੋਤ ਸਿੰਘ ਨੇ ਕਿਹਾ ਕਿ ਇੱਥੇ ਤਾਂ ਸ਼ਾਮ ਨੂੰ 7 ਵਜੇ ਤੋਂ ਬਾਅਦ ਕੋਈ ਵਿਅਕਤੀ ਲੰਘ ਵੀ ਨਹੀਂ ਸਕਦਾ ਸੀ, ਹਰ ਰੋਜ਼ ਕੋਈ ਨਾ ਕੋਈ ਲੁੱਟ ਦੀ ਵਾਰਦਾਤ ਹੁੰਦੀ ਸੀ।

## ਮਨਜੀਤ ਗਾਮੀਵਾਲਾ ਨਮਿਤ ਸ਼ਰਧਾਂਜਲੀ ਸਮਾਰੋਹ ਅੱਜ



**ਮਾਨਸਾ/ਬੋਹਾ (ਆਤਮਾ ਸਿੰਘ ਪਮਾਰ/ ਨਿਰੰਜਣ ਬੋਹਾ)**-ਕਿਰਤੀਆਂ, ਦੱਬੇ-ਕੁਚਲੇ ਅਤੇ ਲਤਾੜੇ ਵਰਗ ਦੀ ਆਵਾਜ਼ ਸੀ ਪੀ ਆਈ ਦੀ ਨਿਧੜਕ, ਨਿੱਡਰ ਤੇ ਜੁਝਾਰੂ ਆਗੂ ਕਾਮਰੇਡ ਮਨਜੀਤ ਕੌਰ ਗਾਮੀਵਾਲਾ ਵਾਲਾ, ਜਿਹਨਾ ਦਾ 8 ਮਾਰਚ ਨੂੰ ਕਸਬਾ ਬੋਹਾ ਵਿਖੇ ਕਤਲ ਕਰ ਦਿੱਤਾ ਗਿਆ ਸੀ, ਉਹਨਾਂ ਨਮਿਤ ਸ਼ਰਧਾਂਜਲੀ ਸਮਾਗਮ ਤੇ ਅੰਤਮ ਅਰਦਾਸ 16 ਮਾਰਚ (ਐਤਵਾਰ) ਨੂੰ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਗਾਮੀਵਾਲਾ ਵਿਖੇ ਹੋਵੇਗੀ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ, ਏਟਕ ਦੇ ਸੂਬਾ ਜਨਰਲ ਸਕੱਤਰ ਤੇ ਕੌਮੀ ਕੌਂਸਲ ਮੈਂਬਰ ਨਿਰਮਲ ਸਿੰਘ ਧਾਲੀਵਾਲ, ਦਲਜੀਤ ਕੌਰ ਅਰਸ਼ੀ, ਜ਼ਿਲ੍ਹਾ, ਬਲਾਕ ਲੀਡਰਸ਼ਿਪ ਸਮੇਤ ਵੱਖ-ਵੱਖ ਧਾਰਮਿਕ, ਸਮਾਜਿਕ, ਕਿਸਾਨ, ਮਜ਼ਦੂਰ, ਔਰਤ ਜਥੇਬੰਦੀਆਂ, ਜਨਤਕ, ਜਮਹੂਰੀ ਤੇ ਰਾਜਸੀ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਕਮਿਊਨਿਸਟ ਆਗੂ ਨੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਤੇ ਪਰਵਾਰ ਨੂੰ ਇਨਸਾਫ਼ ਦਿਵਾਉਣ ਲਈ ਲੋਕਾਂ ਨੂੰ ਵੱਡੀ ਗਿਣਤੀ ਵਿਚ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ।

ਰਾਜਯੋਗੀ, ਪਰਉਪਕਾਰੀ, ਮਾਨਵਤਾ ਪਿਆਰ ਦੇ ਪੁੰਜ



ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ

ਮਸਤੂਆਣਾ ਸਾਹਿਬ ਵਾਲਿਆਂ ਦੇ

159ਵੇਂ ਜਨਮ ਦਿਹਾੜੇ ਦੀਆਂ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈਆਂ

ਮਹਾਨ ਸਲਾਨਾ ਗੁਰਮਤਿ ਸਮਾਗਮ | 13 ਤੋਂ 17 ਮਾਰਚ 2025

ਗੁਰਦੁਆਰਾ ਜਨਮ ਅਸਥਾਨ ਚੀਮਾਂ ਸਾਹਿਬ (ਸੰਗਰੂਰ)

"ਫੈਲੇ ਵਿੱਦਿਆ ਚਾਨਣ ਹੋਏ" – ਮਹਾਪੁਰਖਾਂ ਦੇ ਜਨਮ ਦਿਹਾੜੇ ਨੂੰ ਸਮਰਪਿਤ

ਕਲਗੀਧਰ ਟ੍ਰੱਸਟ ਬੜੂ ਸਾਹਿਬ ਵੱਲੋਂ ਪੰਜਾਬ ਦੇ ਪੇਂਡੂ ਖੇਤਰ ਦੇ ਚਮਕਦੇ ਸਿਤਾਰਿਆਂ ਵਜੋਂ ਇੱਕ ਨਿੱਘੀ ਮਿੱਠੀ ਭੇਟ

AKAL ACADEMIES' STATE TOPPERS



HARYANA TOPPER 99.4% Taniya Garg Class 10th

PUNJAB TOPPER 99.2% Harmanpreet Kaur Class 12th

HIMACHAL PRADESH TOPPER 98.2% Gursimran Kaur Class 12th

HIMACHAL PRADESH TOPPER 97.8% Banmeet Kaur Class 12th

AKAL ACADEMIES' ACHIEVERS



33rd AIR - UPSC (2021) Jaspinder Singh AA Muktsar

34th AIR - UPSC (2020) SDM, Tarn Taran, Punjab Simrandeep Singh AA Kauriwara

AIR NEET Topper (2017) Navdeep Singh AA Muktsar Sahib

Judge (Trainee) Harvinder Singh Grewal AA, Cheema Sahib

ਅਕਾਲ ਅਕੈਡਮੀ

Toll Free: 1800 180 7755

Email: admissions@AkalAcademy.ac.in

ਕਲਗੀਧਰ ਟ੍ਰੱਸਟ, ਬੜੂ ਸਾਹਿਬ ਅਧੀਨ 130 ਸਕੂਲ | 2 ਯੂਨੀਵਰਸਿਟੀਆਂ | 1 ਚੈਰੀਟੇਬਲ ਹਸਪਤਾਲ | 3 ਨਸ਼ਾ-ਮੁਕਤੀ ਕੇਂਦਰ | ਇਸਤਰੀ ਭਲਾਈ ਕੇਂਦਰ ਆਦਿ ਚੱਲ ਰਹੇ ਹਨ

॥ ਸਾਧੂ ਸੰਗ ਸਿਖਾਇਓ ਨਾਮ ॥

ਪਰਮ ਸੰਤ ਬਾਬਾ ਰਾਮ ਸਿੰਘ ਜੀ ਗਿਆਰ੍ਹਵੀਂ ਵਾਲੇ



ਇਨ੍ਹਾਂ ਮਹਾਂਪੁਰਸ਼ਾਂ ਦੀ

16ਵੀਂ ਬਰਸੀ

ਦੇ ਸੰਬੰਧ ਵਿੱਚ ਪ੍ਰਕਾਸ਼ ਕਰਵਾਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਮਿਤੀ 17 ਮਾਰਚ (ਸੋਮਵਾਰ)

ਨੂੰ ਸਵੇਰੇ 11 ਤੋਂ 1.30 ਵਜੇ ਤੱਕ

ਸੰਤ ਬਾਬਾ ਰਾਮ ਸਿੰਘ ਜੀ



ਗੁਰੂ ਘਰ ਗਿਆਰ੍ਹਵੀਂ ਵਾਲੇ, ਪਿੰਡ ਦੌਧਰ (ਮੋਗਾ) ਵਿਖੇ ਪਾਏ ਜਾਣਗੇ। ਇਸ ਮੌਕੇ ਕੀਰਤਨ ਦਰਬਾਰ ਵੀ ਹੋਵੇਗਾ। ਆਪ ਜੀ ਨੇ ਬਰਸੀ ਸਮਾਗਮ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਸੰਤ ਅਰਜਨ ਸਿੰਘ ਜੀ

ਵੱਲੋਂ : ਸੰਤ ਅਰਜਨ ਸਿੰਘ ਜੀ ਗਿਆਰ੍ਹਵੀਂ ਵਾਲੇ ਦੌਧਰ ਅਤੇ ਸਮੂਹ ਸੰਗਤ ਦੇਸ਼-ਵਿਦੇਸ਼

# ਧਰਮ ਤੇ ਰਾਜਨੀਤੀ 'ਚ ਫਾਸਲਾ ਰੱਖ ਕੇ ਚਲਾਏ ਬਿਨਾਂ ਕੋਈ ਹੱਲ ਹੋਰ ਨਹੀਂ ਦਿੱਸਦਾ

ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਕਿਧਰੇ ਸਫਰ ਲਈ ਜਾਣ ਦਾ ਸਬੱਬ ਬਣੇ ਜਾਂ ਧੀ-ਪੁੱਤਰ ਦੇ ਵਿਆਹ-ਸ਼ਾਦੀ ਜਾਂ ਬਜ਼ੁਰਗ ਦੇ ਦੇਹਾਂਤ ਦੇ ਬਾਅਦ ਭੋਗ ਦੀ ਤਰੀਕ ਕਿਉਂ ਨਾ ਮਿਥਣੀ ਅਤੇ ਦੱਸਣੀ ਹੋਵੇ, ਭਾਰਤੀ ਲੋਕ ਤੇ ਅਸੀਂ ਪੰਜਾਬੀ ਵੀ ਆਮ ਕਰ ਕੇ ਤਿੰਨ ਕਿਸਮ ਦੇ ਕੈਲੰਡਰਾਂ ਤੋਂ ਸੇਧ ਲੈ ਕੇ ਚੱਲਦੇ ਹਾਂ। ਪਹਿਲੀ ਚੋਣ ਇਸ ਵਕਤ ਦੁਨੀਆ ਭਰ ਵਿੱਚ ਚੱਲਦਾ ਅੰਗਰੇਜ਼ੀ ਕੈਲੰਡਰ ਬਣ ਚੁੱਕਾ ਹੈ, ਜਿਸ ਦੇ ਗਰੀਗੋਰੀਅਨ ਜਾਂ ਕੋਈ ਹੋਰ ਹੋਣ ਬਾਰੇ ਬਹੁਤਾ ਸੋਚਣ ਦੀ ਪੰਜਾਬ ਤੇ ਭਾਰਤ ਦੇ ਲੋਕਾਂ ਨੂੰ ਲੋੜ ਨਹੀਂ ਜਾਪਦੀ, ਕੰਮ ਚਲਾਉਣ ਲਈ ਇਹੀ ਕੈਲੰਡਰ ਵੇਖਿਆ ਜਾਂਦਾ ਹੈ। ਦੂਸਰਾ ਭਾਰਤ ਦੀ ਮੁੱਖ ਧਾਰਾ ਵੱਲੋਂ ਵਰਤਿਆ ਜਾਂਦਾ ਬਿਕਰਮੀ ਕੈਲੰਡਰ ਹੈ, ਜਿਹੜਾ ਹਿੰਦੂ ਧਰਮ ਦੇ ਸਦੀਆਂ ਪੁਰਾਣੇ ਇਤਿਹਾਸ ਤੇ ਮਿਥਿਹਾਸ ਤੋਂ ਵਰਤਿਆ ਜਾਂਦਾ ਰਿਹਾ ਹੈ। ਅਸੀਂ ਲੋਕ ਜਦੋਂ ਅਜੇ ਬੱਚੇ ਸਾਂ, ਸਕੂਲਾਂ-ਕਾਲਜਾਂ ਅਤੇ ਦਫਤਰਾਂ ਦੇ ਕੰਮ ਸੰਸਰ ਪੱਧਰ ਦੇ ਅੰਗਰੇਜ਼ੀ ਕੈਲੰਡਰ ਦੇ ਨਾਲ ਜੁੜਨੇ ਸ਼ੁਰੂ ਹੋ ਗਏ ਸਨ, ਪਰ ਸਾਡੇ ਸਮਾਜ ਦੇ ਵਿਆਹ-ਸ਼ਾਦੀ ਤੋਂ ਮੌਤ ਤੱਕ ਦੇ ਬਾਕੀ ਸਾਰੇ ਕੰਮ-ਕਾਜ ਦੇ ਦਿਨ ਹਾਲੇ ਬਿਕਰਮੀ ਸੰਮਤ ਤੋਂ ਸੇਧ ਲੈ ਕੇ ਚਲਾਏ ਜਾਂਦੇ ਸਨ। ਪੰਜਾਬ ਤੇ ਦੁਨੀਆ ਭਰ ਦੇ ਸਿੱਖ ਭਾਈਚਾਰੇ ਲਈ ਇਨ੍ਹਾਂ ਤੋਂ ਵੱਖਰਾ ਤੀਸਰਾ ਕੈਲੰਡਰ 'ਨਾਨਕਸ਼ਾਹੀ' ਸਾਲ 1998 ਵਿੱਚ ਪਹਿਲੀ ਵਾਰੀ ਸਿੱਖਾਂ ਦੀ ਸਭ ਤੋਂ ਵੱਡੀ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਵਾਨ ਕੀਤਾ ਅਤੇ ਸਾਡੇ ਚੇਤੇ ਮੁਤਾਬਕ 1999 ਵਿੱਚ ਪਹਿਲੀ ਵਾਰੀ ਇਸ ਨੂੰ ਜਾਰੀ ਕਰਨ ਨਾਲ ਅਮਲ ਵਿੱਚ ਲਾਗੂ ਹੋਇਆ ਸੀ। ਕੈਨੇਡਾ ਦੇ ਅਲਬਰਟਾ ਰਾਜ ਦੀ ਰਾਜਧਾਨੀ ਐਡਮੰਟਨ ਵਿੱਚ ਵੱਸਦੇ ਪਾਲ ਸਿੰਘ ਪੁਰੇਵਾਲ ਨਾਂਅ ਦੇ ਬਹੁਤ ਵੱਡੇ ਬੁੱਧੀਵਾਨ ਸਿੱਖ ਨੇ ਜਦੋਂ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਤਾਂ ਇਸ ਕੈਲੰਡਰ ਦੀ ਹਮਾਇਤ ਅਸੀਂ ਖੁਦ ਵੀ ਨਹੀਂ ਸੀ ਕੀਤੀ ਅਤੇ ਕਾਰਨ ਇਸ ਦਾ ਕਿਸੇ ਤਰ੍ਹਾਂ ਦਾ ਨੁਕਸ ਨਹੀਂ, ਸਗੋਂ ਪਹਿਲਾਂ ਬਹੁਤ ਸਾਰੇ ਵਿਵਾਦਾਂ ਵਿੱਚ ਫਸੇ ਪੰਜਾਬੀ ਸਮਾਜ ਤੇ ਸਿੱਖ ਭਾਈਚਾਰੇ ਵਿੱਚ ਨਵੇਂ ਵਿਵਾਦ ਉੱਭਰਨ ਤੋਂ ਝਿਜਕਦੇ ਸਾਂ। ਇਸ ਕੈਲੰਡਰ ਨੂੰ ਜਾਰੀ ਕਰਨ ਦੇ ਹੱਕ ਵਿੱਚ ਆਵਾਜ਼ ਲਗਾਤਾਰ ਵਧਦੀ ਗਈ ਅਤੇ ਫਿਰ ਜਾਰੀ ਕਰ ਦਿੱਤਾ ਗਿਆ ਤਾਂ ਉਹੀ ਹੋਇਆ, ਜਿਸ ਦੀ ਸ਼ੰਕਾ ਸੀ ਕਿ ਇਸ ਨਾਲ ਕਈ ਨਵੇਂ ਵਿਵਾਦ ਉੱਠ ਸਕਦੇ ਹਨ ਤੇ ਓਦੋਂ ਉੱਠੇ ਵਿਵਾਦ ਕਦੇ ਰੁਕ ਨਹੀਂ ਸਕੇ।

ਥੋੜ੍ਹੇ ਚਿਰ ਪਿੱਛੋਂ ਇਸ ਨੂੰ ਇਹ ਕਹਿ ਕੇ ਸੋਧਣ ਦਾ ਐਲਾਨ ਹੋ ਗਿਆ ਕਿ ਇਸ ਵਿੱਚ ਤਰੁਟੀਆਂ ਹਨ ਅਤੇ ਸੋਧਣ ਦਾ ਝੰਡਾ ਉਨ੍ਹਾਂ ਸੱਜਣਾਂ ਨੇ ਚੁੱਕ ਲਿਆ, ਜਿਹੜੇ ਕੈਲੰਡਰਾਂ ਵਾਸਤੇ ਵਰਤੇ ਜਾਂਦੇ ਸੂਰਜ ਜਾਂ ਚੰਦ ਦੀ ਚਾਲ ਦੇ ਮਾਮਲਿਆਂ ਬਾਰੇ ਇੱਲ ਦਾ ਕੱਕੋ ਨਹੀਂ ਸੀ ਜਾਣਦੇ। ਪਾਲ ਸਿੰਘ ਪੁਰੇਵਾਲ ਨੂੰ ਅੰਮ੍ਰਿਤਸਰ ਸੱਦਿਆ ਗਿਆ, ਸਿੱਖ ਵਿਦਵਾਨਾਂ ਦੇ ਨਾਲ ਉਸ ਦੀ ਗੋਸ਼ਟੀ ਕਰਾਈ ਗਈ ਅਤੇ ਫਿਰ ਇਹ ਕਹਿ ਕੇ ਉਸ ਦੀ ਝਾੜ-ਝੰਬ ਕਰ ਦਿੱਤੀ ਗਈ ਕਿ ਉਸ ਨੇ ਸ੍ਰੀ ਸਾਹਿਬ ਨਹੀਂ ਪਾਈ, ਇਸ ਕਰ ਕੇ ਸਿੱਖੀ ਤੇ ਗੁਰੂ ਨਾਨਕ ਪਾਤਸ਼ਾਹ ਦੇ ਨਾਂਅ ਵਾਲਾ ਕੈਲੰਡਰ ਬਣਾਉਣ ਵਰਗਾ ਕੰਮ ਕਰਨ ਦਾ ਉਸ ਨੂੰ ਕੋਈ ਹੱਕ ਹੀ ਨਹੀਂ। ਪਿਛਲੇ ਦਹਾਕੇ ਦੇ ਅੰਤਲੇ ਸਾਲਾਂ ਵਿੱਚ ਇੱਕ ਵਾਰੀ ਐਡਮੰਟਨ ਗਿਆ ਤਾਂ ਇਨ੍ਹਾ ਸਤਰਾਂ ਦੇ ਲੇਖਕ ਨੂੰ ਪਾਲ ਸਿੰਘ ਹੁਰੀਂ ਆਪ ਆ ਕੇ ਮਿਲੇ ਅਤੇ ਫਿਰ ਅਸੀਂ ਉਨ੍ਹਾ ਦੇ ਘਰ ਗਏ। ਸਿਹਤ ਸਮੱਸਿਆ ਹੋਣ ਕਾਰਨ ਮੈਂ ਪੌੜੀਆਂ ਚੜ੍ਹਨ ਤੋਂ ਬਚਦਾ ਰਹਿੰਦਾ ਹਾਂ, ਪਰ ਉਸ ਦਿਨ ਉਨ੍ਹਾ ਦੀ ਬੇਸਮੈਂਟ ਵਿੱਚ ਉੱਤਰਨਾ ਪਿਆ ਤਾਂ ਮੇਰੇ ਪੂਰੇ ਘਰ ਨਾਲੋਂ ਵੱਡੇ ਉਸ ਹਾਲ ਕਮਰੇ ਵਿੱਚ ਦੁਨੀਆ ਭਰ ਦੇ ਵਿਦਵਾਨਾਂ ਵੱਲੋਂ ਸੂਰਜ ਅਤੇ ਚੰਦ ਦੀ ਚਾਲ, ਉਸ ਦੇ ਧਰਤੀ ਉੱਤੇ ਪੈਂਦੇ ਪ੍ਰਭਾਵ ਅਤੇ ਇਸ ਕਾਰਨ ਗਿਣੇ ਜਾਂਦੇ ਦਿਨ-ਰਾਤ ਜਾਂ ਮੌਸਮਾਂ ਬਾਰੇ ਜਾਣਕਾਰੀ ਦੇ ਗ੍ਰੰਥ ਭਰੇ ਪਏ ਸਨ। ਸੰਸਾਰ ਦੇ ਕਿਸ ਦੇਸ਼ ਦੇ ਕਿਸ ਵਿਦਵਾਨ ਨੇ ਕੋਈ ਵੀ ਕੈਲੰਡਰ ਬਣਾਇਆ, ਸ਼ਾਇਦ ਹੀ ਕੋਈ ਓਥੇ ਨਾ ਪਿਆ ਹੋਵੇ ਤੇ ਮੇਰੇ ਵਰਗੇ ਸਧਾਰਨ ਬੰਦੇ ਦਾ ਸਿਰ ਇਸ ਗੱਲੋਂ ਘੁੰਮੀ ਜਾਵੇ ਕਿ ਅਸੀਂ ਪੰਜਾਬੀ ਤੇ ਸਿੱਖ ਆਪਣੇ ਕਿਸੇ ਵਿਦਵਾਨ ਦਾ ਬਣਦਾ-ਸਰਦਾ ਸਤਿਕਾਰ ਕਰਨਾ ਵੀ ਨਹੀਂ ਜਾਣਦੇ। ਇਹੋ ਕਾਰਨ ਸੀ ਕਿ ਓਦੋਂ ਉਸ ਕੈਲੰਡਰ ਨੂੰ ਸੋਧਣ ਦਾ ਐਲਾਨ ਹੋਣ ਮਗਰੋਂ ਸਿਰਫ ਇੱਕ ਵਾਰ ਨਹੀਂ, ਦੋ ਜਾਂ ਤਿੰਨ ਵਾਰ ਸੋਧਿਆ ਗਿਆ ਅਤੇ ਫਿਰ ਇੱਕ ਆਵਾਜ਼ ਇਹ ਵੀ ਉਠਾਈ ਜਾਣ ਲੱਗੀ ਕਿ ਵਾਰ-ਵਾਰ ਸੋਧਣ ਨਾਲੋਂ ਇਸ ਕੈਲੰਡਰ ਨੂੰ ਸੋਧਾ ਹੀ ਲਾ ਦੇਣਾ ਚਾਹੀਦਾ ਹੈ। ਸ਼ੁਕਰ ਹੈ ਕਿ ਏਦਾਂ ਨਹੀਂ ਕੀਤਾ ਗਿਆ ਅਤੇ ਉਸ ਮਹਾਨ ਪੰਜਾਬੀ ਅਤੇ ਸਮਰਪਿਤ ਸਿੱਖ ਵਿਦਵਾਨ ਦਾ ਤਿਆਰ ਕੀਤਾ ਕੈਲੰਡਰ ਸੋਧਾਂ ਸਮੇਤ ਹੀ ਸਹੀ, ਚੱਲਦਾ ਹੈ।

ਬੇਸ਼ੱਕ ਇਹ ਕੈਲੰਡਰ ਚੱਲਦਾ ਹੈ, ਪਰ ਜਿਹੜੇ ਲੋਕ ਇਸ ਨੂੰ ਧਾਰਮਿਕ ਪੱਖੋਂ ਮਾਨਤਾ ਦਿੰਦੇ ਹਨ, ਆਪਣਾ ਬਾਕੀ ਸਭ ਕੰਮ-ਕਾਰ ਆਮ ਕਰ ਕੇ ਅੰਗਰੇਜ਼ੀ ਕੈਲੰਡਰ ਮੁਤਾਬਕ ਕਰਦੇ ਹਨ। ਹੋਰ ਤਾਂ ਛੱਡੋ, ਇਸ ਕੈਲੰਡਰ ਨੂੰ ਜਾਰੀ ਕਰਨ ਵਾਲੀ ਸ਼੍ਰੋਮਣੀ ਕਮੇਟੀ ਵੀ ਆਪਣੀਆਂ ਮੀਟਿੰਗਾਂ ਆਦਿ ਦਾ ਐਲਾਨ ਕਰਨ ਵੇਲੇ ਅੰਗਰੇਜ਼ੀ ਕੈਲੰਡਰ ਮੁਤਾਬਕ ਹੀ ਤਰੀਕਾਂ ਮਿਥਦੀ ਹੈ। ਇਸ ਵਕਤ ਜਿਹੜਾ ਸ੍ਰੀ ਅਕਾਲ ਤਖਤ ਦਾ ਹੁਕਮਨਾਮਾ ਬਹੁਤ ਜ਼ਿਆਦਾ ਚਰਚਾ ਵਿੱਚ ਹੈ, ਉਸ ਨੂੰ ਵੀ 'ਦੋ ਦਸੰਬਰ ਦਾ ਹੁਕਮਨਾਮਾ' ਕਿਹਾ ਜਾਂਦਾ ਹੈ, ਕਦੀ ਕਿਸੇ ਨੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਬਣਦੀ ਉਸ ਦੀ ਕਿਸੇ ਤਿੱਥ ਦਾ ਜ਼ਿਕਰ ਕਰਨ ਦੀ ਲੋੜ ਨਹੀਂ ਸਮਝੀ। ਫਿਰ ਵੀ ਅਮਲ ਵਿੱਚ ਉਹ ਨਾਨਕਸ਼ਾਹੀ ਕੈਲੰਡਰ ਜਾਰੀ ਕਰਨ ਦੀ ਰਵਾਇਤ ਕਾਇਮ ਹੈ, ਬੇਸ਼ੱਕ ਭਾਰਤ ਦੇ ਅੰਦਰ ਵੀ ਅਤੇ ਇਸ ਤੋਂ ਬਾਹਰ ਵੀ ਕਈ ਗੁਰਦੁਆਰਾ ਕਮੇਟੀਆਂ ਹਾਲੇ ਤੱਕ ਇਸ ਨਾਲ ਸਹਿਮਤ ਨਹੀਂ ਹੋ ਸਕੀਆਂ ਅਤੇ ਹਰ ਗੁਰਪੁਰਬ ਜਾਂ ਤਿਉਹਾਰ ਮਨਾਉਣ ਲਈ ਵੱਖੋ-ਵੱਖਰੇ ਦਿਨ ਰੱਖੇ ਜਾਂਦੇ ਹਨ, ਜਿਸ ਨਾਲ ਸਮਾਜ ਵਿੱਚ ਦੁਬਿਧਾ ਰਹਿੰਦੀ ਹੈ। ਸਿਰਫ ਇੱਕ ਗੱਲ ਦੀ ਸਹਿਮਤੀ ਹੁੰਦੀ ਹੈ ਕਿ ਕੈਲੰਡਰ ਹਰ ਸਾਲ ਚੇਤਰ ਮਹੀਨੇ ਦੀ ਸੰਗਰਾਂਦ ਦੇ ਦਿਨ ਸ਼ੁਰੂ ਕੀਤਾ ਜਾਂਦਾ ਹੈ। ਇਹ ਰਵਾਇਤ ਨਾਨਕਸ਼ਾਹੀ ਕੈਲੰਡਰ ਦੇ ਲੇਖਕ ਨੇ ਨਹੀਂ ਸੀ ਪਾਈ, ਇਸ ਕਾਰਨ ਪਈ ਹੈ ਕਿ ਹਰ ਕੋਈ ਮੰਨਦਾ ਹੈ ਕਿ ਪਹਿਲੇ ਅਤੇ ਪੰਜਵੇਂ ਗੁਰੂ ਸਾਹਿਬਾਨ ਨੇ ਵੀ ਬਾਰਾ-ਮਾਹਾ ਦੀ ਰਚਨਾ ਕਰਨ ਵੇਲੇ ਆਪਣਾ ਸੰਦੇਸ਼ ਇਸੇ ਮਹੀਨੇ ਤੋਂ ਆਰੰਭ ਕੀਤਾ ਸੀ। ਚਲੋ ਸਹਿਮਤੀ ਦਾ ਇਹ ਨੁਕਤਾ ਹੀ ਸਹੀ।

ਜਿਹੜਾ ਸਿੱਖ ਪੰਥ ਬਹੁਤ ਸਾਰੇ ਹੋਰ ਮਾਮਲਿਆਂ ਵਿੱਚ ਵਿਵਾਦਾਂ ਤੋਂ ਬਾਹਰ ਨਹੀਂ ਨਿਕਲ ਸਕਿਆ ਤੇ ਕੈਲੰਡਰ ਦੇ ਮਾਮਲੇ ਵਿੱਚ ਵੀ ਵਿਵਾਦਾਂ ਵਿੱਚ ਫਸਿਆ ਰਿਹਾ ਹੈ, ਉਹ ਚਲੰਤ ਸਾਲ ਇਸ ਕੈਲੰਡਰ ਦੇ ਜਾਰੀ ਕਰਨ ਵਾਲੇ ਦਿਵਸ ਤੋਂ ਪਹਿਲਾਂ ਸਿੱਖੀ ਮਰਿਯਾਦਾ ਤੇ ਰਾਜਨੀਤੀ ਨਾਲ ਧਰਮ ਦੇ ਰਿਸ਼ਤੇ ਬਾਰੇ ਵਿਵਾਦ ਵਿੱਚ ਉਲਝਿਆ ਪਿਆ ਹੈ। ਬੀਤੇ ਦਸੰਬਰ ਦੀ ਦੋ ਤਰੀਕ ਨੂੰ ਸ੍ਰੀ ਅਕਾਲ ਤਖਤ ਤੋਂ ਜਿਹੜਾ ਹੁਕਮਨਾਮਾ ਜਾਰੀ ਕੀਤਾ ਗਿਆ ਅਤੇ ਉਸ ਵੇਲੇ ਸਾਰੇ ਅਕਾਲੀ ਲੀਡਰਾਂ ਨੇ ਸਿਰ ਝੁਕਾ ਕੇ ਮੰਨ ਲੈਣ ਦਾ ਪ੍ਰਭਾਵ ਦਿੱਤਾ ਸੀ, ਉਹ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਤੇ ਉਸ ਦੇ ਪ੍ਰਭਾਵ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਜ ਤੱਕ ਪੂਰਾ ਲਾਗੂ ਨਹੀਂ ਕਰ ਰਹੀ। ਉਲਟਾ ਇਹੋ ਜਿਹੇ ਹਾਲਾਤ ਬਣਾਏ ਜਾਂਦੇ ਰਹੇ ਕਿ ਜਿਹੜੇ ਜਥੇਦਾਰ ਸਾਹਿਬਾਨ ਨੇ ਏਦਾਂ ਦਾ ਹੁਕਮਨਾਮਾ ਜਾਰੀ ਕੀਤਾ ਸੀ, ਉਹ ਸਾਰੇ ਵਾਰੋ-ਵਾਰੀ ਪਾਸੇ ਕਰ ਦਿੱਤੇ ਜਾਣ, ਤਾਂ ਕਿ ਨਵੇਂ ਸਿੰਘ ਸਾਹਿਬਾਨ ਲਿਆ ਕੇ ਉਨ੍ਹਾਂ ਤੋਂ ਉਹ ਹੁਕਮਨਾਮਾ ਵੀ ਉਲਟਾਇਆ ਜਾ ਸਕੇ ਅਤੇ ਭਵਿੱਖ ਬਾਰੇ ਵੀ ਸੰਦੇਸ਼ ਦੇ ਦਿੱਤਾ ਜਾਵੇ ਕਿ ਜਿਸ ਨੇ ਏਦਾਂ ਦਿਲ-ਵਧੀ ਕੀਤੀ, ਉਸ ਦਾ ਇਹ ਹਾਲ ਹੋਵੇਗਾ। ਇਸ ਮਕਸਦ ਦੀ ਪੂਰਤੀ ਲਈ ਸਿੱਖ ਸਮਾਜ ਦੇ ਵੱਡੇ ਵਿਰੋਧ ਦੇ ਬਾਵਜੂਦ ਸ੍ਰੀ ਅਕਾਲ ਤਖਤ ਅਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰਾਂ ਦੀ ਥਾਂ ਨਵੇਂ ਜਥੇਦਾਰ ਨਿਯੁਕਤ ਕਰਨ ਦਾ ਐਲਾਨ ਕਰ ਦਿੱਤਾ ਗਿਆ ਅਤੇ ਅਕਾਲ ਤਖਤ ਸਾਹਿਬ ਲਈ ਜਿਹੜੇ ਕੁਲਦੀਪ ਸਿੰਘ ਗੜਗੱਜ ਦਾ ਨਾਂਅ ਪਾਸ ਕੀਤਾ ਗਿਆ, ਉਸ ਦੀ ਅੱਧੀ ਰਾਤ ਕੀਤੀ ਗਈ ਤਾਜਪੋਸ਼ੀ ਨੇ ਨਵਾਂ ਵਿਵਾਦ ਛੇੜ ਦਿੱਤਾ। ਪਿਛਲੇ ਸਮੇਂ ਵਿੱਚ ਜਦੋਂ ਨਵੇਂ ਜਥੇਦਾਰ ਦੀ ਨਿਯੁਕਤੀ ਕੀਤੀ ਜਾਂਦੀ ਸੀ ਤਾਂ ਸਿੱਖ ਸੰਸਥਾਵਾਂ, ਸੰਪਰਦਾਵਾਂ ਅਤੇ ਪ੍ਰਮੁੱਖ ਹਸਤੀਆਂ ਵੱਲੋਂ ਦਸਤਾਰਾਂ ਅਤੇ ਸਿਰੋਪਾਉ ਭੇਟ ਕੀਤੇ ਜਾਂਦੇ ਸਨ, ਜਿਸ ਲਈ ਬਾਕਾਇਦਾ ਸਮਾਂ ਮਿਥਿਆ ਜਾਂਦਾ ਸੀ। ਰਵਾਇਤ ਦੀ ਪਾਲਣਾ ਦੀ ਬਜਾਏ ਇਸ ਵਾਰੀ ਸਮਾਂ ਮਿਥ ਕੇ ਵੀ ਬਾਦਲ ਧੜੇ ਦੇ ਅਕਾਲੀਆਂ ਦੇ ਕਬਜ਼ੇ ਹੇਠ ਸ਼੍ਰੋਮਣੀ ਕਮੇਟੀ ਨੇ ਬਹੁਤ ਗੁਪਤ ਢੰਗ ਨਾਲ ਅੱਧੀ ਰਾਤ ਵਿਵਾਦਤ ਨਿਯੁਕਤੀ ਵਾਲੇ ਜਥੇਦਾਰ ਦੀ 'ਤਾਜਪੋਸ਼ੀ' ਕਰ ਦਿੱਤੀ। ਇਹ ਕੁਝ ਕਰਦੇ ਵਕਤ ਇਹ ਵੀ ਗੱਲ ਲੁਕੀ ਨਹੀਂ ਰਹੀ ਕਿ ਰਸਮ ਨਾ ਸਿਰਫ ਤਖਤ ਕੇਸਗੜ੍ਹ ਸਾਹਿਬ ਦੀ ਬਜਾਏ ਇੱਕ ਕਮਰੇ ਵਿੱਚ ਨਿਭਾਈ ਗਈ, ਸਗੋਂ ਇਹ ਵੀ ਕਿ ਉਸ ਵਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਓਥੇ ਨਹੀਂ ਸੀ। ਫਿਰ ਅਗਲੇ ਦਿਨ ਏਦਾਂ ਹੀ ਬਿਨਾਂ ਕੋਈ ਸਮਾਂ ਮਿੱਥੇ ਅਤੇ ਕਿਸੇ ਨੂੰ ਮਾੜੀ-ਮੋਟੀ ਖਬਰ ਲੱਗਣ ਤੋਂ ਵੀ ਬਚਾ ਕੇ ਸ੍ਰੀ ਅਕਾਲ ਤਖਤ ਸਾਹਿਬ ਪਹੁੰਚ ਕੇ ਨਵੇਂ ਜਥੇਦਾਰ ਨੂੰ ਓਥੋਂ ਦੀ ਜ਼ਿੰਮੇਵਾਰੀ ਵੀ ਸੰਭਾਲ ਦਿੱਤੀ ਗਈ। ਇਸ ਨਾਲ ਵਿਵਾਦ ਹੋਰ ਵਧਣਾ ਹੀ ਸੀ।

ਅਕਾਲੀ ਲੀਡਰ ਆਮ ਕਰ ਕੇ ਇਹ ਦੋਸ਼ ਲਾਉਂਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਧਾਰਮਿਕ ਮਾਮਲਿਆਂ ਵਿੱਚ ਬਾਹਰੀ ਤਾਕਤਾਂ ਦਖਲ ਦੇਂਦੀਆਂ ਅਤੇ ਸਿੱਖੀ ਦੇ ਅਕਸ ਨੂੰ ਢਾਹ ਲਾਉਂਦੀਆਂ ਹਨ। ਇਸ ਵਾਰੀ ਹਰ ਕਿਸੇ ਦੇ ਅੱਖਾਂ ਮੂਹਰੇ ਇਹ ਸੱਚ ਆ ਗਿਆ ਹੈ ਕਿ ਬਾਹਰੀ ਤਾਕਤਾਂ ਸਿੱਖੀ ਦੇ ਅਕਸ ਨੂੰ ਢਾਹ ਲਾਉਣ ਤੇ ਭਾਵੇਂ ਨਾ, ਸਿੱਖੀ ਦੇ ਨਾਂਅ ਉੱਤੇ ਰਾਜਨੀਤੀ ਕਰਨ ਵਾਲਿਆਂ ਨੂੰ ਜਦੋਂ ਆਪਣੇ ਹਿੱਤਾਂ ਦੀ ਲੋੜ ਪਵੇ, ਉਸ ਲੋੜ ਲਈ ਸਿੱਖੀ ਅਕਸ ਨੂੰ ਢਾਹ ਲਾਉਣ ਤੋਂ ਖੁਦ ਵੀ ਪਿੱਛੇ ਨਹੀਂ ਰਹਿੰਦੇ। ਸੰਸਾਰ ਭਰ ਵਿੱਚ ਫੈਲੇ ਸਿੱਖ ਭਾਈਚਾਰੇ ਅਤੇ ਸਮਾਜ ਦੇ ਹੋਰ ਹਰ ਕਿਸਮ ਦੇ ਵਰਗਾਂ ਨੂੰ ਇਹ ਗੱਲ ਕਹੀ ਜਾਂਦੀ ਹੈ ਕਿ ਅਕਾਲ ਤਖਤ ਸਿੱਖਾਂ ਲਈ ਸਰਬ ਉੱਚ ਧਾਰਮਿਕ ਅਸਥਾਨ ਅਤੇ ਇਸ ਦਾ ਮੁਖੀ ਸਰਬ-ਪ੍ਰਵਾਨਤ ਤੇ ਸਰਬ ਉੱਚ ਹਸਤੀ ਹੈ। ਸਿੱਖ ਪੰਥ ਦੀ ਸਾਜਣਾ ਦਾ ਤਿੰਨ ਸੌ ਸਾਲਾ ਦਿਵਸ ਮਨਾਉਣ ਵਾਲੇ ਸਾਲ ਜਥੇਦਾਰਾਂ ਨੂੰ ਜ਼ਲੀਲ ਕਰ ਕੇ ਕੱਢ ਦਿੱਤੇ ਜਾਣ ਵਾਲੀ ਜਿਹੜੀ ਗੀਤ ਸ਼ੁਰੂ ਕੀਤੀ ਗਈ, ਉਹ ਚੱਲਦੀ ਹੋਈ ਏਥੇ ਆ ਗਈ ਹੈ ਕਿ ਅੱਜ ਹਰ ਪਾਸੇ ਇਸ ਦੀ ਨਾ ਸਿਰਫ ਚਰਚਾ ਹੈ, ਸਗੋਂ ਇਸ ਕਾਰਨ ਆਮ ਸਿੱਖ ਦੁਬਿਧਾ ਵਿੱਚ ਫਸਿਆ ਪਿਆ ਹੈ। ਅਕਾਲੀ ਦਲ ਪਾਰਟੀ ਵਜੋਂ ਜੋ ਮਰਜ਼ੀ ਕਰੀ ਜਾਵੇ, ਇਹ ਗੱਲ ਰਾਜਨੀਤਕ ਖੇਤਰ ਬਾਰੇ ਕਹੀ ਜਾ ਸਕਦੀ ਹੈ, ਪਰ ਜੇ ਇਸ ਪਾਰਟੀ ਦੇ ਲੀਡਰ ਧਰਮ ਦੀ ਦੁਰਵਰਤੋਂ ਕਰਨ ਤੋਂ ਅੱਗੇ ਵਧ ਕੇ ਧਾਰਮਿਕ ਪਦਵੀਆਂ ਨੂੰ ਰਾਜਨੀਤੀ ਦੇ ਦਾਅ ਉੱਤੇ ਲਾਉਣ ਅਤੇ ਬੇਲੋੜੇ ਵਿਵਾਦਾਂ ਵਿੱਚ ਫਸਾਉਣ ਤੱਕ ਜਾ ਪੁੱਜਣ ਤਾਂ ਇਹ ਗੱਲ ਸਿਰਫ ਸਿੱਖਾਂ ਤੱਕ ਸੀਮਤ ਨਹੀਂ ਰਹਿ ਸਕਦੀ। ਪ੍ਰੋਫੈਸਰ ਪੂਰਨ ਸਿੰਘ ਨੇ ਕਿਹਾ ਸੀ: ਪੰਜਾਬ ਵੱਸਦਾ ਗੁਰਾਂ ਦੇ ਨਾਂਅ ਉੱਤੇ। ਗੁਰੂ ਅਤੇ ਗੁਰੂ ਘਰ ਵਿੱਚ ਸ਼ਰਧਾ ਸਿਰਫ ਸਿੱਖਾਂ ਤੱਕ ਸੀਮਤ ਨਾ ਰਹਿ ਕੇ ਪੰਜਾਬੀ ਮੂਲ ਦੇ ਗੈਰ-ਸਿੱਖਾਂ ਦੇ ਵੀ ਬਹੁਤ ਵੱਡੇ ਹਿੱਸੇ ਵਿੱਚ ਵੇਖੀ ਜਾਂਦੀ ਹੈ। ਸਦੀਆਂ ਤੋਂ ਕਈ ਹਿੰਦੂ ਪਰਵਾਰਾਂ ਵਿੱਚ ਪਹਿਲਾ ਪੁੱਤਰ ਸਿੱਖ ਬਣਾਉਣ ਦੀ ਪ੍ਰੰਪਰਾ ਅੱਜ ਵੀ ਮੌਜੂਦ ਹੈ ਅਤੇ ਅਸੀਂ ਇਹੋ ਜਿਹੇ ਕਈ ਪ੍ਰਮੁੱਖ ਲੋਕਾਂ ਦੇ ਨਾਂਅ ਗਿਣਾ ਸਕਦੇ ਹਾਂ। ਜਦੋਂ ਗੱਲ ਸਿੱਖੀ ਬਾਰੇ ਕੀਤੀ ਜਾਂਦੀ ਹੈ ਤਾਂ ਸਿੱਖੀ ਨਾਲ ਜੁੜੇ ਹੋਏ ਇਨ੍ਹਾਂ ਲੋਕਾਂ ਬਾਰੇ ਵੀ ਸੋਚਣਾ ਚਾਹੀਦਾ ਹੈ, ਪਰ ਇਸ ਬਾਰੇ ਕੋਈ ਚਿੰਤਾ ਨਹੀਂ ਕਰਦਾ, ਬਲਕਿ ਗੈਰ-ਸਿੱਖ ਪਰਵਾਰਾਂ ਵਿੱਚ ਪੈਦਾ ਹੋਏ ਅਤੇ ਰਾਜਨੀਤੀ ਦੇ ਰਾਹ ਪਏ ਸਿੱਖ ਆਗੂ ਵੀ ਇਸ ਦਾ ਫਿਕਰ ਨਹੀਂ ਕਰਦੇ ਵੇਖੇ ਗਏ। ਉਨ੍ਹਾਂ ਲਈ ਵੀ ਰਾਜਨੀਤੀ ਮੁੱਖ ਮੁੱਦਾ ਰਹਿੰਦੀ ਹੈ।

ਏਦਾਂ ਦੇ ਹਾਲਾਤ ਵਿੱਚ ਅੱਜ ਜਦੋਂ ਸਿੱਖ ਭਾਈਚਾਰੇ ਵਿੱਚ ਪ੍ਰਮੁੱਖ ਧਾਰਮਿਕ ਹਸਤੀਆਂ ਅਤੇ ਧਾਰਮਿਕ ਪਦਵੀਆਂ ਬਾਰੇ ਇਸ ਕਿਸਮ ਦੀ ਦੁਬਿਧਾ ਤੇ ਕਬਜ਼ਾਦਾਰੀ ਦੀ ਭਾਵਨਾ ਦਾ ਮੁਜ਼ਾਹਰਾ ਹੁੰਦਾ ਪਿਆ ਹੈ ਤਾਂ ਇਸ ਨੂੰ ਸਿਰਫ ਸਿੱਖਾਂ ਦਾ ਮਾਮਲਾ ਨਹੀਂ ਸਮਝਣਾ ਚਾਹੀਦਾ। ਇਹ ਚਿੰਤਾ ਸਮੁੱਚੇ ਪੰਜਾਬੀ ਭਾਈਚਾਰੇ ਦੀ ਨੀਂਦ ਵੀ ਉਡਾਉਣ ਵਾਲੀ ਹੈ ਤੇ ਉਨ੍ਹਾਂ ਦੇ ਇਲਾਵਾ ਦੂਸਰੇ ਧਰਮਾਂ ਵਾਲਿਆਂ ਲਈ ਵੀ ਇੱਕ ਚਿਤਾਵਨੀ ਹੈ ਕਿ ਜਿਸ ਧਰਮ ਅੰਦਰ ਸਿਆਸੀ ਆਗੂਆਂ ਦੀ ਵਾਗ ਏਨੀ ਖੁੱਲ੍ਹੀ ਛੱਡ ਦਿੱਤੀ ਜਾਵੇ ਕਿ ਮਨ-ਆਈਆਂ ਕਰਦੇ ਕਿਸੇ ਤਰ੍ਹਾਂ ਦੀ ਝਿਜਕ ਹੀ ਨਾ ਵਿਖਾਉਣ, ਹਰ ਉਸ ਧਰਮ ਦੇ ਅੰਦਰ ਏਦਾਂ ਦੀ ਹਾਲਤ ਅੱਜ ਨਹੀਂ ਤਾਂ ਕੱਲ੍ਹ, ਕਦੇ ਨਾ ਕਦੇ ਅਚਾਨਕ ਉਤਪੰਨ ਹੋ ਸਕਦੀ ਹੈ। ਸਮੇਂ ਦੀ ਮੰਗ ਇਹੋ ਹੈ ਕਿ ਧਰਮ ਅਤੇ ਰਾਜਨੀਤੀ ਨੂੰ ਥੋੜ੍ਹਾ ਜਿਹਾ ਫਾਸਲਾ ਰੱਖ ਕੇ ਚਲਾਇਆ ਜਾਵੇ, ਤਾਂ ਕਿ ਰਾਜਨੀਤਕ ਖੇਤਰ ਦਾ ਗੰਦ ਧਰਮ ਦੇ ਖੇਤਰ ਵਿੱਚ ਆ ਕੇ ਚੰਦ ਚਾੜ੍ਹਨ ਦਾ ਕੰਮ ਨਾ ਕਰ ਸਕੇ। ਹੋਰ ਕੋਈ ਚਾਰਾ ਨਹੀਂ ਰਹਿ ਗਿਆ ਜਾਪਦਾ।

# ਵੈਰ ਨਹੀਂ, ਸਭ ਦੀ ਖੈਰ

ਸੁਲਘਦੇ ਸਵਾਲ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਭਾਰਤ ਦੇਸ਼ ਇੱਕ ਸਮੂਹ ਜਾਤਾਂ-ਪਾਤਾਂ ਦਾ ਗੁਲਦਸਤਾ ਦੇਸ਼ ਹੈ, ਜਿਸ ਵਿੱਚ ਹਿੰਦੂ-ਸਿੱਖ, ਮੁਸਲਮਾਨ-ਈਸਾਈ ਪ੍ਰਮੁੱਖ ਹਨ, ਜੋ ਸਭ ਭਾਰਤ ਮਾਤਾ ਦੇ ਬਰਾਬਰ ਦੇ ਪੁੱਤਰ ਹਨ, ਜੋ ਆਪੋ-ਆਪਣੀ ਵਿੱਤ ਮੁਤਾਬਕ ਆਪਣੀ ਭਾਰਤ ਮਾਂ ਦਾ ਰੁਤਬਾ ਉੱਚਾ ਚੁੱਕਣ ਲਈ ਦਿਨ-ਰਾਤ ਯਤਨਸ਼ੀਲ ਰਹਿੰਦੇ ਹਨ। ਠੀਕ ਇਸੇ ਤਰ੍ਹਾਂ ਭਾਰਤ ਮਾਤਾ ਵੀ ਆਪਣੇ ਸਭ ਪੁੱਤਰਾਂ ਦੀ ਸੁੱਖ-ਸਾਂਦ ਦਿਨ-ਰਾਤ ਲੋਚਦੀ ਰਹਿੰਦੀ ਹੈ, ਪਰ ਦੇਸ਼ ਦੇ ਹਾਕਮ ਵੱਖ-ਵੱਖ ਸਮੇਂ ਵੱਖ-ਵੱਖ ਵਿਆਖਿਆਵਾਂ ਇਸ ਦੇ ਪੁੱਤਰਾਂ ਬਾਰੇ ਕਰਕੇ ਜਿੱਥੇ ਮਾਤਾ ਨੂੰ ਸਤਾਉਂਦੇ ਹਨ, ਉੱਥੇ ਭਰਾਵਾਂ ਵਿੱਚ ਵੀ ਮੱਤ-ਭੇਦ ਅਤੇ ਮਨ-ਭੇਤ ਪੈਦਾ ਕਰਕੇ ਲੜਾਉਣ ਦਾ ਯਤਨ ਕਰਦੇ ਰਹਿੰਦੇ ਹਨ। ਅਜਿਹੇ ਵਰਤਾਓ ਨੂੰ ਸਮਝਣ ਅਤੇ ਸਮਝਾਉਣ ਲਈ ਅਸੀਂ ਕੋਈ ਦੂਰ ਦੀ ਅਤੇ ਪੁਰਾਣੀ ਕਥਾ ਨਹੀਂ ਛੇੜਨਾ ਚਾਹੁੰਦੇ, ਸਿਰਫ ਕੁਝ ਘੰਟੇ ਹੀ ਪਿੱਛੇ ਝਾਕਣ ਦੀ ਲੋੜ ਹੈ, ਜਿਸ ਹੋਲੀ ਦਾ ਰੰਗ ਤੁਹਾਡੇ ਸਰੀਰ 'ਚੋਂ ਅਜੇ ਪੂਰਾ ਨਿਕਲਿਆ ਨਹੀਂ ਹੋਵੇਗਾ, ਉਸ ਹੋਲੀ ਬਾਰੇ ਅਜੋਕੇ ਤੁੱਛ ਹਾਕਮਾਂ ਆਜ਼ਾਦੀ ਦੇ 77-78 ਸਾਲਾਂ ਬਾਅਦ ਅਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਪੁਲਸ ਅਤੇ ਕੈਮਰਿਆਂ ਦੀ ਛਤਰ-ਛਾਇਆ ਹੇਠ ਧਾਰਮਿਕ ਅਸਥਾਨਾਂ ਨੂੰ ਕਈ ਤਰੀਕਿਆਂ ਨਾਲ ਢਕ ਕੇ ਭਾਵ ਲੁਕੋ ਕੇ ਬਾਕੀ ਫਿਰਕਿਆਂ ਨੂੰ ਹੋਲੀ ਦਾ ਤਿਉਹਾਰ ਮਨਾਉਣ ਦੀ ਆਗਿਆ ਮਿਲੀ। ਇਸ ਤੋਂ ਪਹਿਲਾਂ ਵੀ ਕਈ ਵਾਰ ਕਈ ਫਿਰਕਿਆਂ ਦੇ ਤਿਉਹਾਰ ਇਕੱਠੇ ਆਏ, ਉਹਨੀਂ ਸਭ ਨੇ ਮਿਲ ਕੇ ਮਨਾਏ, ਪਰ ਇਸ ਵਾਰ ਵਰਗਾ ਤਣਾਅ ਕਦੀ ਨਹੀਂ ਦੇਖਿਆ ਗਿਆ। ਅਜਿਹਾ ਤਣਾਅ ਅਜਿਹੇ ਸੂਬੇ 'ਚ ਵਰਤਿਆ, ਜੋ ਖੇਤਰਫਲ ਅਤੇ ਜਨਸੰਖਿਆ ਵਜੋਂ ਸਭ ਤੋਂ ਵੱਡਾ ਅਤੇ ਜਿਸ ਦਾ ਮੁਖੀ ਪ੍ਰਧਾਨ ਮੰਤਰੀ ਦੇ ਲਾਡਲਿਆਂ ਮੁੱਖ ਮੰਤਰੀਆਂ 'ਚੋਂ ਆਉਂਦਾ ਹੈ, ਅਜਿਹੀ ਟੈਨਸ਼ਨ ਕਾਇਮ ਕਰਕੇ ਇੱਕ ਤਾਂ ਸੂਬਾ ਮੁਖੀ ਇਹ ਸੁਨੇਹਾ ਦੇਣ 'ਚ ਕਾਮਯਾਬ ਰਿਹਾ ਕਿ ਜੋ ਮੁਜੇ ਨਿਰਾ ਯੋਗੀ ਸਮਝਤੇ ਹੈਂ ਵੋਹ ਨਿਰਾ ਵੀ ਸਮਝੇ ਦੂਸਰਾ ਆਪਣੀਆਂ ਨਾਕਾਮੀਆਂ 'ਚ ਵੀ ਤਰਪਾਲਾਂ ਇੰਜ ਪਾਈਆਂ ਕਿ ਲੋਕ ਕੁਝ ਸਮੇਂ ਲਈ ਗਰੀਬੀ ਵਧਦੀ ਮਹਿੰਗਾਈ-ਲਾਅ ਐਂਡ ਆਰਡਰ-ਅਰਧ ਜਾਂ ਸੈਮੀ ਇਨਕਾਊਂਟਰ-ਬੇਰੁਜ਼ਗਾਰੀ ਭੁੱਲ ਗਏ ਹੋਣਗੇ।

ਅਸੀਂ ਜਿਵੇਂ ਉੱਪਰ ਇਸ਼ਾਰਾ ਕੀਤਾ ਹੈ ਇਹ ਉਸ ਸੂਬੇ 'ਚ ਬੀਤਿਆ ਹੈ, ਜਿੱਥੇ ਹਜ਼ਾਰਾਂ ਨੌਕਰੀਆਂ ਲਈ ਲੱਖਾਂ ਦੀ ਗਿਣਤੀ 'ਚ ਬੇਰੁਜ਼ਗਾਰ ਅਪਲਾਈ ਕਰ ਦਿੰਦੇ ਹਨ, ਨੌਕਰੀਆਂ ਫਿਰ ਕੈਂਸਲ ਹੋ ਜਾਂਦੀਆਂ ਹਨ, ਜਿੱਥੇ ਛੇਤੀ ਕੀਤਿਆਂ ਨੌਕਰੀਆਂ ਲਈ ਇਮਤਿਹਾਨ ਨਹੀਂ ਹੁੰਦੇ, ਜੇ ਹੋਣ ਜਾਣ ਤਾਂ ਰਿਜ਼ਲਟ ਨਹੀਂ ਆਉਂਦੇ, ਜਿੱਥੇ ਪੇਪਰ ਲੀਕ ਹੋਣ ਦਾ ਆਮ ਰਿਵਾਜ ਹੈ, ਜਿੱਥੇ ਸਿਆਸਤ ਨੂੰ ਹਿੰਦੂ-ਮੁਸਲਮਾਨ ਦੀ ਰੱਟ ਦਾ ਵੱਧ ਤੜਕਾ ਲਾਇਆ ਜਾਂਦਾ ਹੈ। ਜਿਹੜਾ ਸੂਬਾ ਸਰਕਾਰੀ ਖਜ਼ਾਨਿਆਂ 'ਚੋਂ ਅਥਾਹ ਪੈਸਾ ਖਰਚ ਕੇ ਅਨਪੜ੍ਹ ਅਤੇ ਬੇਰੁਜ਼ਗਾਰ ਜਨਤਾ ਤੋਂ ਆਪਣੇ ਹੱਕ 'ਤੇ ਤਾੜੀਆਂ ਵਜਾਉਂਦਾ ਹੈ। ਅਜਿਹੇ ਸੂਬੇ 'ਚ ਉਸ ਪਾਰਟੀ ਦਾ ਰਾਜ ਹੈ, ਜਿਸ ਪਾਰਟੀ ਨੇ ਸੱਤਾ ਪਾਉਣ ਲਈ 'ਸਭ ਕਾ ਸਾਥ, ਸਭ ਕਾ ਵਿਕਾਸ' ਦਾ ਨਾਅਰਾ ਮਾਰਕੇ ਕਦੀ ਵੋਟਾਂ ਬਟੋਰੀਆਂ ਸਨ, ਨੂੰ ਛੱਡ ਕੇ ਹਿੰਦੂ-ਮੁਸਲਮਾਨ ਅਤੇ ਬਟੋਗੇ ਤੋਂ ਕਟੋਗੇ ਦੇ ਨਾਅਰੇ 'ਤੇ ਆਣ ਅਟਕੀ ਹੈ, ਜਿਸ ਸੂਬੇ 'ਚ ਪੁਲਸ ਦੀ ਕਸਟਡੀ 'ਚ ਦੋ-ਦੋ ਕੈਦੀਆਂ ਨੂੰ ਦਿਨ-ਦਿਹਾੜੇ ਮਾਰ ਮੁਕਾਇਆ ਜਾਂਦਾ ਹੈ। ਅਗਰ ਡਬਲ ਇੰਜਣ ਦੀ ਸਰਕਾਰ ਵਕਤ ਅਜਿਹਾ ਹੋ ਰਿਹਾ ਹੈ ਤਾਂ ਫਿਰ ਸੰਬੰਧਤ ਜਨਤਾ ਕੀ ਕਰੇ। ਕੀ ਸੱਚੀਂ-ਮੁੱਚੀਂ ਠੰਢਾ ਪਾਣੀ ਪੀ ਮਰੇ।

ਹੁਣ ਅਜਿਹੇ ਵਰਤਾਰੇ ਦੌਰਾਨ ਅਸੀਂ ਕੁਝ ਹੋਰ ਆਪਣੇ ਪਾਠਕਾਂ ਤੋਂ ਸਮਝਣਾ ਅਤੇ ਸਮਝਾਣਾ ਚਾਹਾਂਗੇ। ਪਾਠਕੋ ! ਅਸੀਂ ਪਹਿਲਾਂ ਕੋਈ 15-16 ਸਾਲ ਟੀਚਰ ਹੋਣ ਕਰਕੇ ਦੂਸਰਾ ਉਮਰ 'ਚ ਅਜ਼ਾਦੀ ਦੇ ਹਾਣੀ ਹੋਣ ਕਰਕੇ ਜਾਣਦੇ ਅਗਰ ਹਾਂ ਕਿ ਕੋਈ ਆਪਣੀ ਜਮਾਤ 'ਚੋਂ ਪਾਸ ਹੋ ਜਾਂਦਾ ਸੀ ਤਾਂ ਉਹ ਅਗਲੀ ਜਮਾਤ ਦਾ ਵਿਦਿਆਰਥੀ ਬਣ ਜਾਂਦਾ ਸੀ, ਪਰ ਕਿਸੇ ਵੀ ਵਿਦਿਆਰਥੀ ਦਾ ਪਾਸ ਹੋਣ 'ਤੇ ਦੁਬਾਰਾ ਟੈਸਟ ਨਹੀਂ ਲਿਆ ਜਾਂਦਾ ਸੀ। ਹੁਣ ਆਓ ਅਸਲ ਮੁੱਦੇ 'ਤੇ- ਅਜ਼ਾਦੀ ਸਮੇਂ ਭਾਵ ਅਗਸਤ 1947 ਨੂੰ ਪਹਿਲਾਂ ਭਾਰਤ ਦੋ ਹਿੱਸਿਆਂ 'ਚ ਵੰਡ ਦਿੱਤਾ । ਇੱਕ ਭਾਰਤੀਆਂ ਭਾਵ ਹਿੰਦੂ-ਸਿੱਖ, ਈਸਾਈ ਆਦਿ ਲਈ, ਇੱਕ ਹਿੱਸਾ ਪਾਕਿਸਤਾਨ ਮੁਸਲਮਾਨ ਅਬਾਦੀ ਲਈ ਸੁਰੱਖਿਅਤ ਕਰ ਦਿੱਤਾ, ਜੋ ਜਿੱਧਰ ਜਾਣਾ ਚਾਹੁੰਦਾ ਸੀ ਚਲਾ ਗਿਆ ਅਤੇ ਉਧਰੋਂ ਜੋ ਆਉਣਾ ਚਾਹੁੰਦਾ ਸੀ ਆ ਗਿਆ ਭਾਵੇਂ ਅਜਿਹਾ ਕਰਨ 'ਚ ਰੱਬ ਅਤੇ ਅੱਲ੍ਹਾ ਨੂੰ ਅਣ-ਗਿਣਤ ਪਿਆਰੇ ਵੀ ਹੋ ਗਏ। ਜੋ ਇੱਧਰ ਰਹੇ ਉਹ ਭਾਰਤੀ ਅਖਵਾਏ ਅਤੇ ਜੋ ਉੱਧਰ ਉਹ ਪਾਕਿਸਤਾਨੀ ਅਖਵਾਏ। ਜਿਹਨਾਂ ਅਜਿਹਾ ਫੈਸਲਾ ਲਿਆ ਉਹ ਦੋਹਾਂ ਦੇਸ਼ਾਂ ਤੋਂ ਅਲੋਪ ਹੋ ਚੁੱਕੇ ਹਨ। ਭਾਵ ਇੱਧਰਲੇ ਮੁਸਲਮਾਨਾਂ ਦਾ ਜਨਮ ਇੱਧਰਲਾ ਹੋਣ ਕਰਕੇ ਸਭ ਮੁਸਲਮਾਨ ਅਤੇ ਬਾਕੀ ਸਭ ਜਾਤੀਆਂ ਦੀ ਸੰਤਾਨ ਭਾਰਤੀ ਹੀ ਹਨ। ਫਿਰ ਮੁਸਲਮਾਨਾਂ ਨੂੰ ਕਿਉਂ ਵਾਰ-ਵਾਰ ਭਾਰਤ ਛੱਡ ਕੇ ਪਾਕਿਸਤਾਨ ਜਾਣ ਲਈ ਆਖਿਆ ਜਾਂਦਾ ਹੈ। ਕਈ ਗੱਲਾਂ 'ਚ ਉਹਨਾਂ ਤੋਂ ਭਾਰਤੀ ਹੋਣ ਦੇ ਸਬੂਤ ਮੰਗੇ ਜਾਂਦੇ ਹਨ। ਸਿਰਫ ਇਸ ਕਰਕੇ ਕਿ ਔਰੰਗਜ਼ੇਬ ਵਰਗੇ ਨਾ-ਪਸੰਦ ਰਾਜੇ ਨੇ ਤੁਹਾਡੇ 'ਤੇ ਰਾਜ ਕੀਤਾ ਅਗਸਤ ਭਾਰਤ ਮੁਸਲਮਾਨਾਂ ਅਧੀਨ ਗੁਲਾਮ ਰਿਹਾ ਤਾਂ ਆਪਣੀਆਂ ਪਿਛਲੀਆਂ ਕਮਜ਼ੋਰੀਆਂ, ਗਦਾਰੀਆਂ ਅਤੇ ਗਲਤੀਆਂ ਦਾ ਅਧਿਐਨ ਕਰਕੇ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰੋ, ਨਾ ਕਿ ਨਫਰਤ ਦੇ ਸ਼ਾਹੂਕਾਰ ਬਣੋ। ਜਦੋਂ ਵੀ ਕਿਸੇ ਦੇਸ਼ 'ਚੋਂ ਕਿਸੇ ਕੌਮ ਦਾ ਰਾਜ ਜਾਂਦਾ ਹੈ ਹਮੇਸ਼ਾ ਉਸ ਕੌਮ ਦੇ ਹੀ ਗਦਾਰ ਨਿਕਲੇ ਹਨ। ਬਾਪ ਦੀ ਗਲਤੀ ਦੀ ਸਜ਼ਾ ਉਸ ਦੀ ਔਲਾਦ ਨੂੰ ਬਿਲਕੁਲ ਨਹੀਂ ਦਿੱਤੀ ਜਾ ਸਕਦੀ। ਜਿਸ ਹਕੂਮਤ ਨੇ ਵੀ ਅਜਿਹਾ ਕੀਤਾ, ਉਸ ਦੀ ਹਕੂਮਤ ਲਈ ਅਜਿਹੇ ਬੀਜੇ ਕਿੱਲ ਆਖਰੀ ਕਿੱਲ ਸਾਬਤ ਹੋਣਗੇ। ਅਗਰ ਤੁਹਾਡੇ ਮੁਤਾਬਕ ਸਭ ਝਗੜੇ-ਲੜਾਈਆਂ ਮੁਸਲਿਮ ਭਾਈਚਾਰਾ ਹੀ ਕਰਦਾ ਹੈ ਤਾਂ ਫਿਰ ਮਹਾਂ-ਭਾਰਤ ਯੁੱਧ, ਰਾਮ ਅਤੇ ਰਾਵਣ ਦਾ ਯੁੱਧ ਕਿਸ ਕਰਕੇ ਹੋਇਆ, ਕੀ ਉੱਤਰ ਦੇਣ ਦੀ ਖੇਚਲ ਕਰੋਗੇ ?

ਹਕੂਮਤੀ ਲਾਣਾ ਇਹ ਸਮਝਣ ਦੀ ਕੋਸ਼ਿਸ਼ ਕਰੇ ਕਿ ਰੋਜ਼ਾਨਾ ਜੀਵਨ 'ਚ ਵੱਖ-ਵੱਖ ਸ਼ਖਸੀਅਤਾਂ ਵੱਲੋਂ ਵੱਖ-ਵੱਖ ਗੁਲਦਸਤੇ ਵਸੂਲਣ ਵਾਲਿਆਂ ਨੂੰ ਸਭ ਰੰਗ ਪਿਆਰੇ ਹੁੰਦੇ ਹਨ। ਕੋਈ ਰੰਗ ਵੀ ਨਫਰਤੀ ਰੰਗ ਨਹੀਂ ਹੁੰਦਾ। ਅਗਰ ਕਿਸੇ ਗੁਲਦਸਤੇ 'ਚ ਕੋਈ ਫੁੱਲ ਮੁਰਝਾ ਜਾਵੇ ਤਾਂ ਗੁਲਦਸਤਾ ਖੂਬਸੂਰਤ ਨਹੀਂ ਰਹਿੰਦਾ। ਇਸ ਕਰਕੇ ਭਾਰਤੀ ਗੁਲਦਸਤੇ ਨੂੰ ਹਰ ਤਰ੍ਹਾਂ ਅਤੇ ਰੰਗੀਨ ਰੱਖਣ ਲਈ ਕਿਸੇ ਫੁੱਲ ਨੂੰ ਮੁਰਝਾਉਣ ਨਾ ਦਿਓ, ਨਾ ਹੀ ਆਪ ਤੋੜਨ ਦਾ ਯਤਨ ਕਰੋ, ਨਾ ਹੀ ਕਿਸੇ ਸ਼ਰਾਰਤੀ ਨੂੰ ਤੋੜਨ ਦੀ ਆਗਿਆ ਦਿਓ। ਮੈਂ ਲਿਖ ਰਿਹਾ ਤਾਂ ਮੈਨੂੰ ਕਿਸੇ ਵਿਦਵਾਨ ਦੀਆਂ ਲਾਈਆਂ ਬੇਚੈਨ ਕਰ ਰਹੀਆਂ ਹਨ-'I Wonder how the people have the time to hate when the time is two short to love' ਯੋਗੀ ਜੀ ਇਹ ਉਹ ਮੁਸਲਿਮ ਭਾਈਚਾਰਾ ਹੈ, ਜਿਸ ਨਾਲ ਤੁਹਾਡੇ ਦਰਜਨ ਤੋਂ ਵੱਧ ਲੀਡਰਾਂ ਦੀ ਕੁੜਮਾ-ਚਾਰੀ ਹੈ। ਇਹ ਆਮ ਲੋਕਾਂ 'ਚ ਹਜ਼ਾਰਾਂ ਤੱਕ ਪਹੁੰਚ ਚੁੱਕੀ ਹੈ। ਤੁਸੀਂ ਇਸ ਸਦੀ 'ਚ ਵੀ ਪੜ੍ਹ-ਲਿਖਕੇ ਅਨਪੜ੍ਹਾਂ ਵਾਲਾ ਵਰਤਾਓ ਕਰ ਰਹੇ ਹੋ।

ਇਸ ਸਭ ਕਾਸੇ ਦੇ ਉਲਟ ਤੁਸੀਂ ਮੁਸਲਮਾਨਾਂ ਨੂੰ ਪਿਛਾਂਹ-ਖਿਚੂ ਅਤੇ ਜ਼ਿਆਦਾ ਬੱਚੇ ਪੈਦਾ ਕਰਨ ਵਾਲੇ ਆਖ ਭੰਡ ਰਹੇ ਹੋ, ਜਦਕਿ ਤੁਸੀਂ ਤਾਂ ਤੁਹਾਡੇ ਵਰਗੇ ਵੱਧ ਬੱਚੇ ਪੈਦਾ ਕਰਨ ਦਾ ਹੋਕਾ ਦੇ ਰਹੇ ਹੋ। ਅਜਿਹੇ ਵਿਹਾਰ ਕਰਕੇ ਤੁਹਾਡੇ ਅਤੇ ਮੁਸਲਮਾਨਾਂ ਵਿਚਕਾਰ ਪਾੜਾ ਵਧਣਾ ਲਾਜ਼ਮੀ ਹੈ। ਇਵੇਂ ਹੀ ਤੁਸੀਂ ਕਦੀ ਕਾਂਗਰਸ ਨੂੰ ਮਰ ਚੁੱਕੀ ਪਾਰਟੀ ਸੰਬੋਧਨ ਕਰਦੇ ਹੋ, ਕਦੇ ਮੁਸਲਮਾਨਾਂ ਨੂੰ ਚੱਕੋਪਾਈ ਕਰਨ ਵਾਲੇ ਗਰਦਾਨਦੇ ਹੋ। ਅਸੀਂ ਜਾਣਦੇ ਹਨ ਹਾਂ ਕਿ ਤੁਸੀਂ ਗਿਆਨਵਾਨ ਹੋ, ਤੁਸੀਂ ਭਾਵੇਂ ਛੋਟੇ ਰਾਜੇ ਦੀ ਹੈਸੀਅਤ 'ਚ ਹੋ, ਜ਼ਰਾ ਹਿੰਦੂ-ਹਿੰਦੂ, ਸਨਾਤਨ-ਸਨਾਤਨ ਦੀ ਰਟ ਘੱਟ ਕਰਕੇ ਪੂਰੇ ਭਾਰਤੀਆਂ ਬਾਬਤ ਵੀ ਸੋਚੋ। ਅਜਿਹਾ ਕਰਨ ਨਾਲ ਤੁਹਾਡਾ ਸਮੁੱਚੀ ਜਨਤਾ ਪ੍ਰਤੀ ਅਤੇ ਸਮੁੱਚੀ ਜਨਤਾ ਦਾ ਤੁਹਾਡੇ ਪ੍ਰਤੀ ਵਤੀਰਾ ਬਦਲੇਗਾ ਅਤੇ ਬਦਲਦੇ ਸਾਰ ਹੀ ਜਨਤਾ ਨੂੰ ਤੁਹਾਡੇ 'ਚੋਂ ਮਨੁੱਖਤਾ-ਇਨਸਾਨੀਅਤ ਅਤੇ ਯੋਗੀਪੁਣੇ ਦੀ ਮਹਿਕ ਆਉਣੀ ਸ਼ੁਰੂ ਹੋ ਜਾਵੇਗੀ। ਤੁਸੀਂ ਸਿਰਫ ਆਪਣੇ ਸੁਭਾਅ 'ਚ ਨਰਮੀ ਲਿਆਉਣੀ ਹੈ। ਅਜਿਹੀ ਨਰਮੀ ਸਿਰਫ ਤੁਸੀਂ ਵਰਤਣੀ ਹੈ, ਫਿਰ ਤੁਹਾਨੂੰ ਲੱਗੇਗਾ ਕਿ ਤੁਸੀਂ ਸਭ ਦੇ ਹੋ, ਸਭ ਤੁਹਾਡੇ ਹੀ ਹਨ। ਅਜਿਹਾ ਹੋਣਾ ਕਦੋਂ ਸੰਭਵ ਹੋਵੇਗਾ, ਇਹ ਸਭ ਭਵਿੱਖ ਦੀ ਕੁੱਖ 'ਚ ਹੈ। ਅਗਰ ਅਜਿਹਾ ਸਭ ਤੁਸੀਂ ਸਿਰਜ ਸਕੋ ਤਾਂ ਫਿਰ ਯੋਗੀ ਜੀ ਤੁਸੀਂ ਆਉਣ ਵਾਲੇ ਸਮੇਂ 'ਚ ਦੇਖੋਗੇ ਕਿ ਤੁਹਾਡੀਆਂ ਤਿਰਪਾਲਾਂ ਵੀ ਬੇਲੋੜੀਆਂ ਹੋ ਜਾਣਗੀਆਂ।

**ਸੰਪਰਕ-98721-65741**

# ਚੰਨ, ਤਾਰੇ ਵੀ ਨਿਗਲ਼ ਨਾ ਇਹ ਜਾਣ ...

ਸ਼ੀਸ਼ੇ ਦੇ ਫੱਲ ਦੇਖ ਨਾ ਹੋਵੇ

**ਸੁਰਜੀਤ ਸੁਮਨ**

ਸੋਚਦਾ ਹਾਂ, ਅੱਜ ਬੰਦੇ ਦੀ ਬੰਦਿਆਈ ਖ਼ਤਰੇ ਵਿੱਚ ਹੈ।ਇਮਾਨ ਖ਼ਤਰੇ ਵਿੱਚ ਹੈ। ਸਾਡੀ ਧਰਤੀ, ਸਾਡੇ ਪਹਾੜ, ਸਾਡੇ ਦਰਿਆ, ਸਵੱਛ ਤੇ ਸਾਫ-ਸੁਥਰਾ ਪੌਣ-ਪਾਣੀ ਸਭ ਖ਼ਤਰੇ ਵਿੱਚ ਹੈ। ਦਰਿਆਵਾਂ ਦੇ ਸੁੱਕਣ ਵਾਂਗ ਬੰਦੇ ਦੇ ਅੰਦਰਲੀ ਮੁਹੱਬਤੀ ਝੀਲ ਵੀ ਸੁੱਕਦੀ ਜਾ ਰਹੀ ਹੈ।ਦਿਨ-ਬ-ਦਿਨ ਰਿਸ਼ਤੇ-ਨਾਤੇ ਪਲੀਤ ਹੋ ਰਹੇ ਹਨ। ਬੰਦਾ, ਬੰਦੇ ਨਾਲ਼ੋਂ ਟੁੱਟ ਰਿਹਾ ਹੈ। ਉੱਚੀਆਂ-ਉੱਚੀਆਂ ਇਮਾਰਤਾਂ ਆਕਾਸ਼ ਛੂਹ ਰਹੀਆਂ ਹਨ, ਪਰ ਬੰਦੇ ਦਾ ਕਿਰਦਾਰ ਰਸਾਤਲ ਵੱਲ ਗਰਕਦਾ ਜਾ ਰਿਹਾ ਹੈ। ਸੱਚਾ-ਸੁੱਚਾ ਬੰਦਾ ਇਕੱਲਾ ਹੋ ਰਿਹਾ ਹੈ। ਪਹਿਲਾਂ ਨਾਲ਼ੋਂ ਸੁੱਖ-ਸੁਵਿਧਾਵਾਂ ਵਧੀਆਂ ਹਨ। ਇਨ੍ਹਾਂ ਸੁਵਿਧਾਵਾਂ ਜ਼ਰੀਏ ਬੰਦਾ ਸੁੱਖ-ਰਹਿਣਾ ਹੋ ਗਿਆ ਹੈ।ਮਨੁੱਖ ਵਿੱਚੋਂ ਸਬਰ-ਸੰਤੋਖ ਮੁੱਕਦਾ ਜਾ ਰਿਹਾ ਹੈ। ਬੰਦਾ ਹਰ ਕੁਦਰਤੀ ਨਿਹਮਤ ਨੂੰ ਕਬਜ਼ਾ ਲੈਣਾ ਚਾਹੁੰਦਾ ਹੈ। ਉਸ ਦੀ ਭੁੱਖ ਦਿਨੋਂ-ਦਿਨ ਹੋਰ ਵਧਦੀ ਜਾ ਰਹੀ ਹੈ। ਹੋਰ ਚਮਕਦੀ ਜਾ ਰਹੀ ਹੈ।ਹਰ ਸਮਰੱਥਾਵਾਨ ਬੰਦਾ ਹਰ ਅਸਮਰੱਥ ਬੰਦੇ ਨੂੰ ਆਪਣਾ ਗੁਲਾਮ ਬਣਾਉਣਾ ਲੋਚਦਾ ਹੈ। ਸਿਕੰਦਰ ਵਾਂਗ ਸਾਰੀ ਦੁਨੀਆ ਨੂੰ ਜਿੱਤ ਲੈਣਾ ਚਾਹੁੰਦਾ ਹੈ।ਆਪਣੇ ਅਧੀਨ ਕਰ ਲੈਣਾ ਚਾਹੁੰਦਾ ਹੈ। ਛਲ਼ ਨਾਲ਼, ਕਪਟ ਨਾਲ਼, ਜ਼ੋਰ ਨਾਲ਼, ਜ਼ਬਰਦਸਤੀ ਨਾਲ਼।ਕਿਉਂ ? ਇਸ ਕਿਉਂ ਦਾ ਜਵਾਬ ਕੀਹਦੇ ਕੋਲ਼ ਹੈ ਭਲਾ ? ਬੇਸਬਰੇ ਬੰਦੇ ਕੋਲ਼ ਤਾਂ ਨਹੀਂ ਹੋ ਸਕਦਾ ਨਾ ਇਸ ਦਾ ਜਵਾਬ।ਇਸ ਦਾ ਜਵਾਬ ਬਾਬਾ ਨਾਨਕ ਕੋਲ਼ ਹੈ।ਕਬੀਰ ਕੋਲ਼ ਹੈ, ਇਸ ਦਾ ਜਵਾਬ। ਬੰਦੇ ਨੂੰ ਸਬਰ-ਸੰਤੋਖ਼ ਨਾਲ਼ ਜਿਊਣਾ ਸਿਖਾਉਂਦੀ ਹੈ ਇਨ੍ਹਾਂ ਫ਼ਕੀਰਾਂ ਦੀ ਬਾਣੀ। ਮਨੁੱਖ ਦੀ ਈਗੋ ਤੇ ਭੁੱਖ ਨੂੰ ਬੰਨ੍ਹ ਮਾਰਦੀ ਹੈ, ਇਸ ਕਤਾਰ ਦੇ ਅਣ-ਗਿਣਤ ਬਾਦਸ਼ਾਹ, ਦਰਵੇਸ਼, ਪੀਰਾਂ-ਫ਼ਕੀਰਾਂ ਦੀ ਜੀਵਨ ਲੀਲ੍ਹਾ। ਪਰ ਕੀ ਕਰੀਏ, ਆਧੁਨਿਕ ਲਾਲਚੀ ਮਨੁੱਖ ਚੰਨ, ਤਾਰਿਆਂ ਨੂੰ ਵੀ ਨਿਗਲ਼ ਜਾਣ ਦੀ ਤਮੰਨਾ ਪਾਲ਼ੀ ਬੈਠਾ ਹੈ। ਉਸ ਦੀ ਹਵਸ ਦਾ ਕੋਈ ਪਾਰਾਵਾਰ ਨਹੀਂ।

ਕੋਈ ਵੇਲ਼ਾ ਸੀ ਜਦੋਂ ਪਿੰਡਾਂ ਦੇ ਲੋਕ ਪੀੜ੍ਹੀ-ਦਰ-ਪੀੜ੍ਹੀ ਆਪਣੇ ਆਪ ਨੂੰ ਅਕਾਲੀ ਅਖਵਾ ਕੇ ਫ਼ਖ਼ਰ ਮਹਿਸੂਸ ਕਰਦੇ ਸਨ। ਓਸ ਜ਼ਮਾਨੇ ਦੇ ਲੋਕ ਆਪਣੇ ਨਾਂਅ ਨਾਲ਼ ਅਕਾਲੀ ਲਿਖਵਾਉਣਾ ਆਪਣਾ ਮਾਣ ਸਮਝਦੇ। ਨੀਲੀ ਪੱਗ ਬੰਨ੍ਹਣੀ, ਚਿੱਟਾ ਕੁੜਤਾ-ਪਜਾਮਾ ਪਹਿਨਣਾ ਉਨ੍ਹਾਂ ਨੂੰ ਚੰਗਾ-ਚੰਗਾ ਲਗਦਾ। 'ਹੁਣ ਜ਼ਮਾਨਾ ਬਦਲ ਗਿਆ ਹੈ ਭਾਈ', ਆਖ ਉਹ ਹੁਣ ਆਪਣਾ ਮਨ ਬਹਿਲਾ ਲੈਂਦੇ ਹਨ। ਜ਼ਮਾਨੇ ਨੇ ਅਜਿਹੀ ਕਰਵਟ ਬਦਲੀ ਹੈ ਕਿ ਸਭ ਕੁਝ ਉਲਟਾ-ਪੁਲਟਾ ਹੋ ਕੇ ਰਹਿ ਗਿਆ ਹੈ। ਹੁਣ ਜਾਂ ਤਾਂ ਉਨ੍ਹਾਂ ਵਿੱਚੋਂ ਬਹੁਤੇ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ ਜਾਂ ਬੁੱਢੇ-ਵਾਰੇ ਬਚੇ-ਖੁਚੇ ਮਾਡਰਨ ਕਾਰਪੋਰੇਟੀ ਅਕਾਲੀ ਦਲ ਨੂੰ ਬੁਰੀ ਤਰ੍ਹਾਂ ਕੋਸ ਰਹੇ ਹਨ। ਉਨ੍ਹਾਂ ਨੂੰ ਇੰਝ ਜਾਪਦਾ ਹੈ, ਜਿਵੇਂ ਉਨ੍ਹਾਂ ਦੇ ਇਸ ਕਿਰਦਾਰ ਨੂੰ ਕਿਸੇ ਨੇ ਉਧਾਲ਼ ਲਿਆ ਹੋਵੇ।ਹੁਣ ਇਨ੍ਹਾਂ ਲੋਕਾਂ ਦਾ ਪਹਿਰਾਵਾ, ਚਾਲ-ਢਾਲ, ਲਹਿਜ਼ਾ ਸਭ ਕੁਝ ਬਦਲ ਗਿਆ ਹੈ। ਪਹਿਲਾਂ ਅਕਾਲੀ ਅਖਵਾਉਣ ਵਾਲ਼ੇ ਬੰਦੇ ਵਿੱਚ ਜਿੱਥੇ ਲੋਕ ਹਿਤੂ ਸੂਝ ਠਾਠਾਂ ਮਾਰਦੀ ਹੁੰਦੀ ਸੀ, ਹੁਣ ਵਾਲ਼ੇ ਪੋਜ਼ ਵਿੱਚੋਂ ਹੋਰ ਈ ਕਿਸਮ ਦੇ ਝਲਕਾਰੇ ਪੈਂਦੇ ਹਨ। ਲੋਕ ਹਿੱਤ ਉਨ੍ਹਾਂ ਦੇ ਮਨਾਂ ਵਿੱਚੋਂ ਵਿਸਰ ਗਿਆ ਹੈ। ਇਸ ਦੀ ਥਾਂ ਉਨ੍ਹਾਂ ਦੇ ਮਨਾਂ ਵਿੱਚ ਆਪਣੇ ਜਾਂ ਆਪਣੇ ਪਰਵਾਰਕ ਮੈਂਬਰਾਂ ਦੇ ਹਿੱਤ ਭਾਰੂ ਹੋ ਗਏ ਹਨ। ਉਨ੍ਹਾਂ ਦਾ ਵਿਹਾਰ ਜ਼ਰਵਾਣਿਆਂ ਵਾਲ਼ਾ ਹੋ ਗਿਆ ਹੈ। ਇਹ ਚੰਨ-ਤਾਰਿਆਂ ਨੂੰ ਖਾ ਜਾਣਾ ਲੋਚਦੇ ਹਨ। ਏਸੇ ਲਈ ਪੁਰਾਣੀ ਪੀੜ੍ਹੀ ਦੇ ਲੋਕਾਂ ਦਾ ਮਨ ਸ੍ਰੀ ਅਕਾਲ ਤਖਤ ਸਾਹਿਬ ਦੇ ਮੌਜੂਦਾ ਰੂਪ-ਸਰੂਪ ਸੰਬੰਧੀ ਨਿੱਤ ਨਵੇਂ ਵਾਪਰਦੇ ਭਾਣੇ ਤੋਂ ਡਾਢਾ ਆਵਾਜ਼ਾਰ ਹੋਇਆ ਪਿਆ ਹੈ।ਕੌਮ ਦੁਬਿਧਾ ਵਿੱਚ ਹੈ। ਇਸ ਦੁਬਿਧਾ ਵਿੱਚੋਂ ਕੌਮ ਨੂੰ ਕੱਢਣ ਵਾਲ਼ਾ ਹਾਲੇ ਕੋਈ ਬਹੁੜਿਆ ਨਹੀਂ ਹੈ। ਤਲਾਸ਼ ਜਾਰੀ ਹੈ। ਕੋਈ ਤਾਂ 'ਉਠਸੀ ਮਰਦ ਦਾ ਚੇਲਾ।' ਹਾਲੇ ਸੱਜਣ ਠੱਗਾਂ ਦੀ ਆਪਣੀ ਆਪਣੀ ਧਰਮਸਾਲ ਵਿੱਚ ਧੰਦਾ ਜ਼ੋਰਾਂ 'ਤੇ ਹੈ।

'ਦਾਤੀ ਦੇ ਦੰਦੇ ਇੱਕ ਪਾਸੇ ਤੇ ਲੋਕਾਂ ਦੀ ਜ਼ੁਬਾਨ ਦੇ ਦੋਵੇਂ ਪਾਸੇ ਦੰਦੇ ਹੁੰਦੇ ਨੇ ਪੁੱਤਰਾ' ਤਾਇਆ ਆਤਮਾ ਸਿੰਘ ਦੇ ਉੱਚੀ ਸੁਰ 'ਚ ਕਹੇ ਬੋਲ ਮੇਰੇ ਕੰਨਾਂ ਵਿੱਚ ਗੂੰਜੇ ਹਨ। ਮੇਰੇ ਕੰਨ ਸਾਂ-ਸਾਂ ਕਰਨ ਲੱਗ ਪਏ ਹਨ। ਮੈਂ ਇੱਧਰ-ਉੱਧਰ ਝਾਕਿਆ ਹਾਂ। ਤਾਇਆ ਆਤਮਾ ਸਿੰਘ ਕੀ ਕਹਿਣਾ ਚਾਹੁੰਦੇ ਹਨ ? ਸਮਝ ਨਹੀਂ ਲਗਦਾ।ਫਿਰ ਸੋਚਦਾ ਹਾਂ, ਸਿਆਸੀ ਰੌਲ਼ਾ ਕਦੀ ਮੁੱਕੇਗਾ ਵੀ ਜਾਂ ਨਹੀਂ ? ਸ਼ਾਇਦ ਨਹੀਂ। 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ' ਵਾਲ਼ੀ ਗੱਲ ਹੋਈ ਪਈ ਹੈ। ਨਸ਼ਾ ਤਸਕਰੀ ਵਿੱਚ ਲਿਪਤ ਲੋਕਾਂ ਦੇ ਘਰਾਂ 'ਤੇ ਬੁਲਡੋਜ਼ਰ ਤੇਜ਼ੀ ਨਾਲ ਚੱਲ ਰਹੇ ਹਨ। ਉਨ੍ਹਾਂ ਦੇ ਪੋਤੜੇ ਫਰੋਲੇ ਜਾ ਰਹੇ ਹਨ। ਪੁਲਸ ਤਾਂ ਪਹਿਲਾਂ ਹੀ ਅਜਿਹੇ ਲੋਕਾਂ ਦੇ ਪੋਤੜਿਆਂ ਤੋਂ ਵਾਕਿਫ਼ ਹੁੰਦੀ ਹੈ। ਵਿਰੋਧੀ ਸੁਰਾਂ ਉੱਚੀਆਂ ਹੋ ਰਹੀਆਂ ਹਨ। ਸੱਤਾ ਧਿਰ ਆਪਣੀ ਪਿੱਠ ਆਪੇ ਹੀ ਥਾਪੜ ਰਹੀ ਹੈ। ਚੋਰ-ਮੋਰੀਆਂ ਵੀ ਬਥੇਰੀਆਂ ਦਿਸ ਰਹੀਆਂ ਹਨ। ਸਰਕਾਰੀ ਮਸ਼ੀਨਰੀ ਕਾਰਜਸ਼ੀਲ ਹੈ। ਗਤੀਸ਼ੀਲ ਹੈ। ਚੱਲੋ ਹੋਰ ਨਹੀਂ ਤਾਂ ਘੱਟੋ-ਘੱਟ ਨਸ਼ਿਆਂ ਦੀ ਸਪਲਾਈ ਲਾਈਨ ਤਾਂ ਟੁੱਟੇਗੀ ਹੀ। ਇੱਕ ਆਸ ਤਾਂ ਬੱਝੀ ਹੈ। ਹਾਲ ਦੀ ਘੜੀ ਨਿਆਸਰੇ ਬੰਦੇ ਨੇ ਇੱਕ ਮੁੱਠੀ ਚਾਨਣੀ, ਆਪਣੀ ਮੁੱਠੀ ਵਿੱਚ ਘੁੱਟ ਕੇ ਰੱਖੀ ਹੋਈ ਹੈ ਕਿ ਚਲੋ ਇਸ ਧੰਦੇ ਨੂੰ ਚਲਾ ਰਹੇ ਵੱਡੇ ਚਿਹਰੇ ਵੀ ਸ਼ਾਇਦ ਕਦੀ-ਨਾ-ਕਦੀ ਬੇਨਕਾਬ ਹੋ ਈ ਜਾਣ। ਪਰ ਇਹ ਸਭ ਕੁਝ ਭਵਿੱਖ ਦੇ ਗਰਭ ਵਿੱਚ ਹੈ।ਹਾਲ ਦੀ ਘੜੀ ਆਸ ਦੀ ਪੂਣੀ ਕੱਤਣੀ ਤਾਂ ਬਣਦੀ ਹੀ ਹੈ।

ਬਾਈ ਦਲੇਰ ਸਿੰਘ ਫੋਨ 'ਤੇ ਮੇਰਾ ਹਾਲ ਪੁੱਛ ਰਹੇ ਹਨ ਜਾਂ ਆਪਣਾ ਦੱਸ ਰਹੇ ਹਨ, ਮੈਨੂੰ ਕੋਈ ਸਮਝ ਨਾ ਲੱਗੀ। 'ਘੁੰਮਣ-ਘੁਮਾਉਣ ਨੂੰ ਤਾਂ ਥਾਰ ਰੱਖੀ ਐ, ਬੁਲਟ ਤਾਂ ਰੱਖਿਆ ਪਟਾਕੇ ਪਾਉਣ ਨੂੰ' ਉਸ ਸੁਨੰਦਾ ਸ਼ਰਮਾ ਦਾ ਗਾਇਆ ਗੀਤ ਛੋਹਿਆ ਤਾਂ ਮੇਰੇ ਮਨ ਮਸਤਕ ਵਿੱਚ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਪਿੰਕੀ ਧਾਲ਼ੀਵਾਲ ਦੀ ਬਾਈਟ ਸ਼ੂੰਅ ਕਰਕੇ ਲੰਘੀ। ਬਾਈ ਦਲੇਰ ਸਿੰਘ ਬੋਲ ਰਿਹਾ ਸੀ, 'ਦੇਖਿਆ ਬਾਈ ਟੁੱਟਗੀ ਨਾ ਤੜੱਕ ਕਰਕੇ। ਇਹ ਜਗੀਰੋ ਦਾ ਢੋਲ ਐ ਬਾਈ ਜੀ। ਇਹਨੇ ਧਮਾਲ ਤਾਂ ਪਾਉਣੀ ਹੀ ਹੋਈ। ਦੇਖ ਲੈ ਲੋਕ ਹੁਣ ਹੈਰਾਨੀ ਨਾਲ਼ ਤੱਕ ਰਹੇ ਨੇ। ਸੁਨੰਦਾ ਸ਼ਰਮਾ ਆਪਣੀ ਥਾਂ ਸੱਚੀ ਤੇ ਪਿੰਕੀ ਧਾਲੀਵਾਲ਼ ਆਪਣੀ ਥਾਂ। ਅਸਲ ਮਸਲਾ ਤਾਂ ਬਿਜ਼ਨੈੱਸ ਦਾ ਪਿਆਰੇ। ਪੈਸਾ ਜਿਵੇਂ ਨਚਾਈ ਜਾਂਦੈ, ਬੰਦਾ ਨੱਚੀ ਜਾਂਦੈ। ਬੰਦੇ ਦੀ ਭੁੱਖ ਪੂਰੀ ਨ੍ਹੀਂ ਹੁੰਦੀ ਭਰਾ। ਇਹ ਤਾਂ ਦਿਨ-ਬ-ਦਿਨ ਭੁੱਖ ਹੋਰ ਚਮਕਦੀ ਜਾਂਦੀ ਐ।ਲੈ ਹੋਰ ਸੁਣ ? ਸਕੂਲ ਵਿਦਿਆਰਥੀਆਂ ਦੇ ਪੇਪਰ ਹੋ ਰਹੇ ਨੇ। ਨਕਲ ਕਰਵਾਉਣ ਵਾਲ਼ੇ ਧੜੱਲੇ ਨਾਲ਼ ਨਕਲ ਕਰਵਾ ਰਹੇ ਹਨ।' ਮੈਨੂੰ ਚੇਤੇ ਆਇਆ। ਪਿਛਲੇ ਦਿਨੀਂ ਹੋਈ ਆਲਮੀ ਪੰਜਾਬੀ ਕਾਨਫਰੰਸ ਵਿੱਚ ਵੀ ਇੱਕ ਅਧਿਆਪਕ ਲੇਖਕ ਨੇ ਪੰਜਾਬ ਦੇ ਸਕੂਲਾਂ ਵਿੱਚ ਚਿੱਟੇ ਦਿਨ ਕਰਵਾਈ ਜਾ ਰਹੀ ਨਕਲ ਬਾਰੇ ਚਰਚਾ ਕੀਤੀ ਸੀ। ਇਹ ਕੌਣ ਲੋਕ ਹਨ ? ਇਹ ਸਾਡੇ ਹੀ ਸਮਾਜ ਦੇ ਉਹ ਲੋਕ ਹਨ ਜੋ ਚੰਨ-ਤਾਰਿਆਂ ਨੂੰ ਵੀ ਨਿਗਲ਼ਣ ਦੀ ਸਮਰੱਥਾ ਰੱਖਦੇ ਹਨ। ਕੀ ਨਹੀਂ ਹੋ ਰਿਹਾ ? ਕਿਹੜਾ ਅਨਰਥ ਹੈ, ਜਿਹੜਾ ਨਹੀਂ ਹੋ ਰਿਹਾ ? ਕੀ ਰੇਪ ਕੇਸ ਘਟੇ ਹਨ ? ਕੀ ਰਿਸ਼ਵਤਖੋਰੀ ਘਟੀ ਹੈ ? ਕੀ ਤਹਿਸੀਲਦਾਰ ਬਦਲਣ ਨਾਲ਼ ਤਹਿਸੀਲਾਂ/ਕਚਹਿਰੀਆਂ ਵਿੱਚ ਕੋਈ ਫ਼ਰਕ ਪਿਆ ਹੈ ?

ਦਰਅਸਲ ਗੱਲ ਸਾਰੀ ਲੋਕਾਂ 'ਤੇ ਹੀ ਆਉਂਦੀ ਹੈ। ਅਸਮਾਨ ਵਿੱਚ ਗਲ਼ੀਆਂ ਕਰਨ ਵਾਲ਼ੇ ਲੋਕਾਂ ਦੀ ਕੋਈ ਕਮੀ ਨਹੀਂ। ਵਪਾਰੀ ਕਿਸਮ ਦੇ ਇਹ ਲੋਕ ਰੋਜ਼ਾਨਾ ਇੱਕ-ਦੂਜੇ ਨਾਲ਼ ਇਕਰਾਰਨਾਮੇ ਕਰਦੇ ਹਨ, ਰੋਜ਼ਾਨਾ ਹੀ ਇਨ੍ਹਾਂ ਇਕਰਾਰਨਾਮਿਆਂ ਨੂੰ ਤੋੜਦੇ ਹਨ। ਜਦੋਂ ਇਹ ਕੀਤੇ ਹੋਏ ਇਕਰਾਰ ਟੁੱਟਦੇ ਹਨ, ਕੋਈ ਇੱਕ ਧਿਰ ਇਸ 'ਤੇ ਖ਼ਰੀ ਨਹੀਂ ਉੱਤਰਦੀ, ਫਿਰ ਉਹ ਪੁਲਸ ਥਾਣੇ/ਕਚਹਿਰੀਆਂ ਵੱਲ ਆਪਣਾ ਰੁਖ ਕਰਦੇ ਹਨ। ਇਸ ਤਰ੍ਹਾਂ ਜੇ ਗਹੁ ਨਾਲ਼ ਵਾਚਿਆ ਜਾਵੇ ਤਾਂ ਦੁਨੀਆ ਦਾ ਤਗ ਹੀ ਟੁੱਟ ਗਿਆ ਹੈ। ਏਦਾਂ ਮੁੱਢ ਕਦੀਮ ਤੋਂ ਹੀ ਚਲਿਆ ਆ ਰਿਹਾ ਹੈ। ਸੋਚ-ਸੋਚ ਮੇਰਾ ਸਿਰ ਦਰਦ ਕਰਨ ਲੱਗਿਆ ਹੈ।ਗਹਿਰੀ ਉਦਾਸੀ ਦੇ ਆਲਮ ਵਿੱਚ ਮੇਰੇ ਬੁੱਲ੍ਹਾਂ ਨੇ ਮੇਰੇ ਹੀ ਗੀਤ ਦਾ ਅੰਤਰਾ ਛੋਹਿਆ ਹੈ, 'ਇੱਕ ਮੁੱਠੀ ਚਾਨਣੀ ਮੈਂ ਮੁੱਠੀ 'ਚ ਲਕੋ ਲਈ/ਉਹ ਵੀ ਜਰਵਾਣਿਆਂ ਨੇ ਮੱਲੋਂ-ਜ਼ੋਰੀ ਖੋਹ ਲਈ/ਚੰਨ-ਤਾਰੇ ਵੀ ਨਿਗਲ਼ ਨਾ ਇਹ ਜਾਣ/ਮਾਏ ! ਮੇਰਾ ਦਿਲ ਕੰਬਿਆ ?'

**ਮੋਬਾ. 98144-30874**

# ਇੰਦਰਜੀਤ ਗੁਪਤਾ : ਪਹਿਲੇ ਕਮਿਊਨਿਸਟ ਕੇਂਦਰੀ ਗ੍ਰਹਿ ਮੰਤਰੀ

**ਅਨਿਲ ਰਾਜੀਮਵਾਲੇ**

**ਅਨੁਵਾਦ : ਐੱਮ ਐੱਸ ਭਾਟੀਆ**

ਇੰਦਰਜੀਤ ਗੁਪਤਾ ਦਾ ਜਨਮ 18 ਮਾਰਚ 1919 ਨੂੰ ਕਲਕੱਤਾ ਵਿਚ ਇੱਕ ਬ੍ਰਹਮੋ ਪਰਵਾਰ ਵਿੱਚ ਹੋਇਆ, ਜੋ ਕਲਕੱਤਾ ਦੇ ਸੀਨੀਅਰ ਸਰਕਾਰੀ ਅਫ਼ਸਰ ਸਨ। ਉਨ੍ਹਾਂ ਦੇ ਪਿਤਾ ਦੇਸ਼ ਦੇ ਇੱਕ ਅਕਾਊਂਟੈਂਟ ਜਨਰਲ ਅਤੇ ਤਾਇਆ ਜੀ ਪੱਛਮੀ ਬੰਗਾਲ ਦੇ ਮੁੱਖ ਸਕੱਤਰ ਸਨ। ਇੰਦਰਜੀਤ ਗੁਪਤਾ ਨੇ ਆਪਣੀ ਸਕੂਲੀ ਪੜ੍ਹਾਈ ਸ਼ਿਮਲਾ ਵਿੱਚ ਕੀਤੀ, ਜਿੱਥੇ ਉਨ੍ਹਾਂ ਦੇ ਪਿਤਾ ਤਾਇਨਾਤ ਸਨ ਅਤੇ ਬਾਅਦ ਵਿਚ 1937 ਵਿੱਚ ਦਿੱਲੀ ਦੇ ਸੇਂਟ ਸਟੀਫਨ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਉੱਚ ਸਿੱਖਿਆ ਲਈ ਮਾਪਿਆਂ ਨੇ ਉਨ੍ਹਾਂ ਨੂੰ ਕੈਂਬਰਿਜ ਦੇ ਕਿੰਗਜ਼ ਕਾਲਜ ਇੰਗਲੈਂਡ ਭੇਜਿਆ।

ਇੰਗਲੈਂਡ ਵਿੱਚ ਉਸ ਸਮੇਂ ਤੱਕ ਇੰਦਰਜੀਤ ਗੁਪਤਾ ਨੂੰ ਰਾਜਨੀਤੀ ਵਿੱਚ ਕੋਈ ਦਿਲਚਸਪੀ ਨਹੀਂ ਸੀ, ਇੱਥੋਂ ਤੱਕ ਕਿ ਵਿਦਿਆਰਥੀ ਸਰਗਰਮੀਆਂ ਵਿੱਚ ਵੀ। ਇਹ ਮੰਨਿਆ ਜਾਂਦਾ ਕਿ ਉਸ ਨੂੰ ਆਪਣੇ ਪਰਵਾਰ ਦੇ ਗੁਣਵਾਨ ਮੈਂਬਰਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣਾ ਪਵੇਗਾ, ਪਰ ਹੋਇਆ ਇਸ ਤੋਂ ਵੱਖਰਾ ਹੀ। ਇੰਗਲੈਂਡ ਵਿੱਚ ਉਹ ਰਜਨੀ ਪਾਮ ਦੱਤ ਅਤੇ ਕਈ ਹੋਰ ਸ਼ਖਸੀਅਤਾਂ ਦੇ ਸੰਪਰਕ ਵਿੱਚ ਆਏ, ਜਿਸ ਨਾਲ ਉਹਨਾਂ ਦੀ ਜ਼ਿੰਦਗੀ ਦਾ ਮਕਸਦ ਹੀ ਬਦਲ ਗਿਆ। ਇਹ ਅੰਤਰਰਾਸ਼ਟਰੀ ਪੱਧਰ 'ਤੇ ਇਹ ਫਾਸ਼ੀਵਾਦ ਦੇ ਉਭਾਰ ਅਤੇ ਵਿਸ਼ਾਲ ਫਾਸ਼ੀਵਾਦ ਵਿਰੋਧੀ ਸੰਘਰਸ਼ਾਂ ਦਾ ਸਮਾਂ ਸੀ। ਵੱਡੇ-ਵੱਡੇ ਸਮੂਹਾਂ ਨੇ ਹੋਰ ਫਾਸ਼ੀਵਾਦੀ ਵਿਰੋਧੀਆਂ ਦੇ ਰੂਪ ਵਿੱਚ ਵਿਆਪਕ ਏਕਤਾ ਭਰੇ ਸੰਘਰਸ਼ਾਂ ਦੇ ਨਾਲ ਸਪੇਨੀ ਗਣਤੰਤਰ ਵਿੱਚ ਘਰੇਲੂ ਯੁੱਧ ਨੇ ਨੌਜਵਾਨਾਂ ਨੂੰ ਡੂੰਘਾ ਪ੍ਰਭਾਵਿਤ ਕੀਤਾ।

ਮਸ਼ਹੂਰ ਕਮਿਊਨਿਸਟ ਨੇਤਾ ਅਤੇ ਇੰਦਰਜੀਤ ਗੁਪਤਾ ਦੇ ਚਚੇਰੇ ਭਰਾ ਰੇਣੂ ਚੱਕਰਵਰਤੀ ਨੇ ਉਹਨੂੰ ਇੰਡੀਅਨ ਮਜਲਿਸ ਅਤੇ ਯੂਰਪ ਵਿੱਚ ਫੈਡਰੇਸ਼ਨ ਆਫ਼ ਇੰਡੀਅਨ ਸਟੂਡੈਂਟਸ ਸੋਸਾਇਟੀਜ਼ ਵਰਗੇ ਸਮੂਹਾਂ ਨਾਲ ਸੰਪਰਕ ਕਰਵਾਇਆ, ਜੋ ਮਾਰਕਸਵਾਦ ਦਾ ਅਧਿਐਨ ਕਰ ਰਹੇ ਸਨ। ਇਹ ਸਾਰੇ ਕਮਿਊਨਿਸਟ ਪਾਰਟੀ ਆਫ਼ ਗ੍ਰੇਟ ਬ੍ਰਿਟੇਨ ਦੇ ਸੰਪਰਕ ਵਿੱਚ ਸਨ। ਉਨ੍ਹਾਂ ਵਿੱਚ ਨਿਖਿਲ ਚੱਕਰਵਰਤੀ, ਭੂਪੇਸ਼ ਗੁਪਤਾ, ਰੇਣੂ ਚੱਕਰਵਰਤੀ, ਮੋਹਨ ਕੁਮਾਰਮਨਾਗਲਮ, ਐੱਨ ਕੇ ਕ੍ਰਿਸ਼ਨਨ, ਜੋਤੀ ਬਾਸੂ ਅਤੇ ਰੋਮੇਸ਼ ਚੰਦਰ ਵਰਗੇ ਮਸ਼ਹੂਰ ਨਾਂਅ ਸ਼ਾਮਲ ਸਨ।

ਇੰਦਰਜੀਤ ਗੁਪਤਾ ਨੂੰ ਮਾਰਕਸਵਾਦੀ ਸਾਹਿਤ ਅਤੇ ਕਮਿਊਨਿਸਟ ਵਿਚਾਰਧਾਰਾ ਵਾਲੀਆਂ ਗਤੀਵਿਧੀਆਂ ਵਿੱਚ ਡੂੰਘੀ ਦਿਲਚਸਪੀ ਹੋ ਗਈ। ਉਹਨਾਂ ਨੇ ਨਹਿਰੂ, ਜੇ ਡੀ ਬਰਨਲ, ਸਟ੍ਰੈਚੀ ਅਤੇ ਹੋਰਾਂ ਦਾ ਵੀ ਅਧਿਐਨ ਕੀਤਾ। 1939 ਤੱਕ ਉਹਨਾਂ ਨੇ ਆਪਣੇ ਪਰਵਾਰ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਸ ਦੇ ਵਿਚਾਰ ਬਦਲ ਗਏ ਹਨ ਅਤੇ ਹੁਣ ਸਰਕਾਰੀ ਨੌਕਰੀ ਕਰਨ ਜਾਂ ਸਿਵਲ ਸੇਵਾ ਪ੍ਰੀਖਿਆਵਾਂ ਦੇਣ ਦਾ ਕੋਈ ਸਵਾਲ ਹੀ ਨਹੀਂ ਪੈਦਾ ਹੁੰਦਾ। ਫਿਰ ਵੀ ਉਹਨਾਂ ਨੇ ਆਪਣੀ ਪੜ੍ਹਾਈ ਨੂੰ ਨਜ਼ਰਅੰਦਾਜ਼ ਨਹੀਂ ਕੀਤਾ। 'ਕਿਸੇ ਵੀ ਕਮਿਊਨਿਸਟ ਵਿਦਿਆਰਥੀ ਨੂੰ ਪੜ੍ਹਾਈ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ' ਉਹ ਕਹਿੰਦੇ ਸਨ। ਪੜ੍ਹਾਈ ਵਿੱਚ ਉਹਨਾਂ ਦਾ ਰਿਕਾਰਡ ਚੰਗਾ ਸੀ, ਖਾਸ ਕਰਕੇ ਅਰਥਸ਼ਾਸਤਰ ਅਤੇ ਇਤਿਹਾਸ ਵਿੱਚ। ਉਹਨਾਂ ਨੇ 1940 ਵਿੱਚ ਕੈਂਬਰਿਜ ਯੂਨੀਵਰਸਿਟੀ ਤੋਂ ਆਪਣੀ ਬੀ ਏ ਆਨਰਜ਼ ਦੀ ਡਿਗਰੀ ਹਾਸਲ ਕੀਤੀ।

**ਕਮਿਊਨਿਸਟ ਵਜੋਂ ਭਾਰਤ ਵਾਪਸੀ**

ਦੂਜਾ ਵਿਸ਼ਵ ਯੁੱਧ 1939 ਵਿੱਚ ਸ਼ੁਰੂ ਹੋਇਆ। ਇੰਦਰਜੀਤ ਗੁਪਤਾ ਅਕਤੂਬਰ 1940 ਵਿੱਚ ਲਿਵਰਪੂਲ ਤੋਂ ਬੰਬਈ ਤੱਕ ਪੰਜ ਹਫ਼ਤਿਆਂ ਦੀ ਸਮੁੰਦਰੀ ਯਾਤਰਾ ਤੋਂ ਬਾਅਦ ਵਾਪਸ ਆਏ, ਕਿਉਂਕਿ ਸੁਏਜ਼ ਨਹਿਰ ਬੰਦ ਹੋ ਗਈ ਸੀ।



ਵਾਪਸੀ 'ਤੇ ਉਹਨਾਂ ਨੇ ਸੀ ਪੀ ਆਈ ਦੀ ਭੂਮੀਗਤ ਲੀਡਰਸ਼ਿਪ ਨਾਲ ਸੰਪਰਕ ਕੀਤਾ ਅਤੇ ਆਪਣੇ-ਆਪ ਨੂੰ ਕੁਲਵਕਤੀ ਪਾਰਟੀ ਕਾਰਕੁਨ ਵਜੋਂ ਪੇਸ਼ ਕੀਤਾ। ਕੁਝ ਇੰਤਜ਼ਾਰ ਤੋਂ ਬਾਅਦ ਉਹਨਾਂ ਨੂੰ ਲਖਨਊ ਤੋਂ ਭੂਮੀਗਤ ਹੋ ਜਾਣ ਦਾ ਨਿਰਦੇਸ਼ ਦਿੱਤਾ ਗਿਆ। ਉਹਨਾਂ ਦਾ ਕੰਮ ਇੱਕ ਗੁਪਤ ਟਿਕਾਣੇ ਨੂੰ ਸੰਭਾਲਣਾ ਅਤੇ ਬਹੁਤ ਸਾਰੇ ਦਸਤਾਵੇਜ਼ਾਂ ਅਤੇ ਸੁਨੇਹਿਆਂ ਨੂੰ ਇਧਰ-ਉਧਰ ਪਹੁੰਚਾਣ ਦਾ ਕੰਮ ਕਰਨਾ ਸੀ, ਜਿਸ ਕਰਕੇ ਉਹ ਬਹੁਤ ਉਤਸ਼ਾਹਤ ਸਨ।

ਇੰਦਰਜੀਤ ਗੁਪਤਾ ਨੂੰ ਬਾਅਦ ਵਿੱਚ ਬੰਬਈ ਵਿੱਚ ਕੇਂਦਰੀ ਪਾਰਟੀ ਹੈੱਡਕੁਆਰਟਰ ਵਿੱਚ ਭੇਜ ਦਿੱਤਾ ਗਿਆ, ਜਿੱਥੇ ਉਹ ਸਿੱਧੇ ਤੌਰ 'ਤੇ ਜਨਰਲ ਸਕੱਤਰ ਪੀ ਸੀ ਜੋਸ਼ੀ ਦੇ ਅਧੀਨ ਇੱਕ ਕੇਂਦਰੀ ਵਾਹਕ ਵਜੋਂ ਕੰਮ ਕਰਦੇ ਸਨ। ਉਹ ਜੋਸ਼ੀ, ਸੋਮਨਾਥ ਲਹਿਰੀ, ਭੋਵਾਨੀ ਸੇਨ ਆਦਿ ਵਰਗੇ ਚੋਟੀ ਦੇ ਨੇਤਾਵਾਂ ਦੀਆਂ ਗੁਪਤ ਗਤੀਵਿਧੀਆਂ ਵਿੱਚ ਉਨ੍ਹਾਂ ਦੇ ਨਾਲ ਜਾਂਦੇ ਸਨ। ਉਹਨਾਂ ਨੂੰ 1942 ਵਿੱਚ ਬੰਗਾਲ ਵਿੱਚ ਜੂਟ ਉਦਯੋਗ ਵਿੱਚ ਟਰੇਡ ਯੂਨੀਅਨਾਂ ਵਿੱਚ ਕੰਮ ਕਰਨ ਲਈ ਭੇਜ ਦਿੱਤਾ ਗਿਆ। ਬਾਅਦ ਵਿੱਚ ਉਨ੍ਹਾਂ ਨੇ ਬੰਦਰਗਾਹ ਅਤੇ ਡੌਕ ਅਤੇ ਰੇਲਵੇ ਦੇ ਮਜ਼ਦੂਰਾਂ ਵਿੱਚ ਕੰਮ ਕੀਤਾ। ਉਹ ਆਲ ਇੰਡੀਆ ਪੋਰਟ ਐਂਡ ਡੌਕ ਵਰਕਰਜ਼ ਫੈਡਰੇਸ਼ਨ ਦੇ ਜਨਰਲ ਸਕੱਤਰ ਬਣੇ ਅਤੇ ਪ੍ਰਧਾਨ ਵੀ ਰਹੇ। 1948-49 ਵਿੱਚ ਜਦੋਂ ਸੀ ਪੀ ਆਈ ਆਪਣੇ ਇਤਿਹਾਸ ਦੇ ਇੱਕ ਮੁਸ਼ਕਲ ਦੌਰ ਦਾ ਸਾਹਮਣਾ ਕਰ ਰਹੀ ਸੀ ਤਾਂ ਉਹਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਇੰਦਰਜੀਤ ਗੁਪਤਾ ਬਾਅਦ ਵਿੱਚ ਇੱਕ ਮਹੱਤਵਪੂਰਨ ਟਰੇਡ ਯੂਨੀਅਨ ਨੇਤਾ ਵਜੋਂ ਉੱਭਰੇ। ਉਹਨਾਂ ਨੂੰ 1980 ਵਿੱਚ ਏਟਕ ਦਾ ਜਨਰਲ ਸਕੱਤਰ ਚੁਣਿਆ ਗਿਆ। ਉਹ ਵਫਟੂ ਨਾਲ ਵੀ ਸਰਗਰਮੀ ਨਾਲ ਜੁੜੇ ਹੋਏ ਸਨ ਅਤੇ 1998 ਵਿੱਚ ਇਸ ਦੇ ਪ੍ਰਧਾਨ ਚੁਣੇ ਗਏ ।

ਉਹਨਾਂ ਨੇ ਡੂੰਘਾਈ ਨਾਲ ਅਧਿਐਨ ਕਰਨ ਤੋਂ ਬਾਅਦ ਇੱਕ ਮਸ਼ਹੂਰ ਕਿਤਾਬ ਲਿਖੀ : 'ਪੂੰਜੀ ਅਤੇ ਜੂਟ ਉਦਯੋਗ ਵਿੱਚ ਮਜ਼ਦੂਰ', ਜੋ ਅੱਜ ਵੀ ਇਸ ਖੇਤਰ ਲਈ ਹਵਾਲੇ ਵਜੋਂ ਪੜ੍ਹੀ ਜਾਣ ਵਾਲੀ ਪੁਸਤਕ ਹੈ।

**ਸ਼ਾਨਦਾਰ ਸੰਸਦ ਮੈਂਬਰ**

ਇੰਦਰਜੀਤ ਗੁਪਤਾ ਪਹਿਲੀ ਵਾਰ 1960 ਵਿੱਚ ਕਲਕੱਤਾ ਦੱਖਣ-ਪੱਛਮੀ ਹਲਕੇ ਤੋਂ ਲੋਕ ਸਭਾ ਲਈ ਉਪ-ਚੋਣ ਵਿੱਚ ਚੁਣੇ ਗਏ । ਇਸ ਤੋਂ ਇਲਾਵਾ 1977-80 ਦੇ ਥੋੜ੍ਹੇ ਸਮੇਂ ਨੂੰ ਛੱਡ ਕੇ ਉਹ 11 ਵਾਰ ਲੋਕ ਸਭਾ ਲਈ ਚੁਣੇ ਗਏ ਸਨ ਅਤੇ 37 ਸਾਲ ਤੱਕ ਇਹ ਸੇਵਾ ਨਿਭਾਈ । ਉਹਨਾਂ ਨੇ ਬਾਅਦ ਦੀਆਂ ਚੋਣਾਂ ਵਿੱਚ ਅਲੀਪੁਰ, ਬਸ਼ੀਰਹਾਟ ਅਤੇ ਮਿਦਨਾਪੁਰ ਦੀ ਨੁਮਾਇੰਦਗੀ ਕੀਤੀ। ਉਹ ਲੋਕ ਸਭਾ ਦੇ ਸਭ ਤੋਂ ਸੀਨੀਅਰ ਮੈਂਬਰ ਬਣੇ ਅਤੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਕਰਨ ਵਾਲੇ ਮੈਂਬਰ ਸਨ। 10ਵੀਂ ਤੋਂ 13ਵੀਂ ਲੋਕ ਸਭਾ ਤੱਕ ਪ੍ਰੋਟੈਮ ਸਪੀਕਰ ਵੀ ਬਣੇ। ਉਨ੍ਹਾਂ ਨੂੰ 1992 ਵਿੱਚ ਸਰਵੋਤਮ ਸੰਸਦ ਮੈਂਬਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਉਨ੍ਹਾਂ ਨੇ ਸੰਸਦੀ ਇਤਿਹਾਸ ਵਿੱਚ ਆਪਣੇ ਲਈ ਇੱਕ ਵਿਸ਼ੇਸ਼ ਸਥਾਨ ਬਣਾਇਆ ਅਤੇ ਉਨ੍ਹਾਂ ਨੂੰ 'ਸਦਨ ਦੇ ਪਿਤਾ' ਵਜੋਂ ਜਾਣਿਆ ਜਾਂਦਾ ਸੀ। ਸਾਰਿਆਂ ਵੱਲੋਂ ਉਨ੍ਹਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਜਾਂਦਾ ਸੀ। ਉਨ੍ਹਾਂ ਨੇ ਸੰਸਦੀ ਕਾਨੂੰਨਾਂ, ਪ੍ਰਕਿਰਿਆਵਾਂ ਅਤੇ ਨਿਯਮਾਂ ਅਤੇ ਪਰੰਪਰਾਵਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ। ਉਹ ਇੱਕ ਮਿਸਾਲੀ ਕਮਿਊਨਿਸਟ ਸੰਸਦ ਮੈਂਬਰ ਸਨ, ਜੋ ਦਿਖਾਉਂਦੇ ਸਨ ਕਿ ਸੰਸਦ ਵਿੱਚ ਕਾਰਵਾਈਆਂ ਦੌਰਾਨ ਕਿਵੇਂ ਵਿਵਹਾਰ ਕਰਨਾ ਹੈ ਅਤੇ ਤਿਆਰੀ ਕਿਵੇਂ ਕਰਨੀ ਹੈ।ਉਹ ਆਪਣੇ ਸੰਸਦੀ ਹਲਕਿਆਂ ਵਿੱਚ ਬਹੁਤ ਮਸ਼ਹੂਰ ਅਤੇ ਬਹੁਤ ਸਤਿਕਾਰਯੋਗ ਸਨ। ਸੰਸਦ ਦੇ ਸਭ ਤੋਂ ਆਮ ਗਾਰਡ ਅਤੇ ਕਲਰਕ ਵੀ ਉਨ੍ਹਾਂ ਨੂੰ ਪਿਆਰ ਨਾਲ ਯਾਦ ਕਰਦੇ ਸਨ, ਕਿਉਂਕਿ ਉਨ੍ਹਾਂ ਸਾਰਿਆਂ ਨਾਲ ਉਨ੍ਹਾਂ ਦਾ ਨਿੱਜੀ ਰਾਫਤਾ ਸੀ।

ਉਹ 1995-96 ਵਿੱਚ ਰੱਖਿਆ ਬਾਰੇ ਸੰਸਦੀ ਸਥਾਈ ਕਮੇਟੀ ਦੇ ਚੇਅਰਮੈਨ ਸਨ ਅਤੇ ਅਧੀਨ ਕਾਨੂੰਨ, ਪਟੀਸ਼ਨਾਂ, ਲਾਇਬ੍ਰੇਰੀ ਕਮੇਟੀ ਆਦਿ ਵਰਗੀਆਂ ਕਈ ਹੋਰ ਕਮੇਟੀਆਂ ਦੇ ਮੈਂਬਰ ਸਨ।

ਇੰਦਰਜੀਤ ਗੁਪਤਾ ਲੋਕ ਸਭਾ ਵਿੱਚ ਮਿਹਨਤਕਸ਼ ਲੋਕਾਂ ਦੇ ਇੱਕ ਅਸਲੀ ਪ੍ਰਤੀਨਿਧੀ ਸਨ ਅਤੇ ਇਸੇ ਲਈ ਉਹ ਉਹਨਾਂ ਦੇ ਸਥਾਪਤ ਨੇਤਾ ਵਜੋਂ ਵਿਚਰਦੇ ਸਨ । ਉਨ੍ਹਾਂ ਨੇ ਉਨ੍ਹਾਂ ਲੋਕਾਂ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

16-March-Sunday.qxd 3/15/2025 11:17 PM Page 4





# ਤਣਾਓ ਤੇ ਮਾਨਸਿਕ ਸੰਤਾਪ ਦਾ ਬਿਰਤਾਂਤ

## ਫੋਕਸ

### ਚਰਚਾ ਇਕ ਪੁਸਤਕ ਦੀ

**ਡਾ. ਸੰਦੀਪ ਰਾਣਾ**



## ਆਪਣਾ ਘਰ

**(ਕਹਾਣੀ-ਸੰਗ੍ਰਹਿ)**
**ਗੋਵਰਧਨ ਗੱਬੀ**
**ਪੰਨੇ : 100, ਮੁੱਲ : 225 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਗੋਵਰਧਨ ਗੱਬੀ ਬਹੁਭਾਸ਼ਾਈ ਅਤੇ ਬਹੁਵਿਧਾਵੀ ਸਾਹਿਤਕਾਰ ਹੈ। ਹੁਣ ਤੱਕ ਉਸ ਦੇ ਦੋ ਕਾਵਿ-ਸੰਗ੍ਰਹਿ (ਦਿਲ ਵਾਲੀ ਫਟੜੀ, ਅਤੀਤ ਦੇ ਸਿਰਨਾਵੇਂ), ਤਿੰਨ ਕਹਾਣੀ-ਸੰਗ੍ਰਹਿ (ਗੁਰਦਖਣਾ, ਭਰਮਜਾਲ, ਤਿੰਨ ਤੀਏ ਸੱਤ), ਇੱਕ ਨਾਵਲ (ਪੂਰਨ ਕਥਾ), ਇੱਕ ਵਾਰਤਕ ਦੀ ਪੁਸਤਕ (ਤਾਣਾ ਬਾਣਾ) ਅਤੇ ਇੱਕ ਅੰਗਰੇਜ਼ੀ ਅਨੁਵਾਦਿਤ ਕਹਾਣੀ-ਸੰਗ੍ਰਹਿ (Unveil) ਪ੍ਰਕਾਸ਼ਿਤ ਹੋ ਚੁੱਕੇ ਹਨ। ਹੱਥਲਾ ਕਹਾਣੀ-ਸੰਗ੍ਰਹਿ 'ਆਪਣਾ ਘਰ' ਉਸ ਦਾ ਤੀਜਾ ਮੌਲਿਕ ਕਹਾਣੀ-ਸੰਗ੍ਰਹਿ ਹੈ। ਉਸ ਅਨੁਸਾਰ ਸ਼ਿਵ ਕੁਮਾਰ ਦਾ ਇਕ ਗੀਤ ਸੁਣ ਉਸ ਨੂੰ ਸਾਹਿਤ ਕਲਾ ਦੀ ਹੋਂਦ ਬਾਰੇ ਪਤਾ ਲੱਗਿਆ ਸੀ। ਇੱਥੋਂ ਹੀ ਸਾਹਿਤ ਦੀ ਚੇਟਕ ਸ਼ੁਰੂ ਹੋਈ ਅਤੇ ਫਿਰ ਵਕਤ ਗੁਜ਼ਰਨ ਨਾਲ ਅਨੁਭਵ ਇਕੱਠੇ ਕਰ ਉਹ ਚੰਗੇ-ਮਾੜੇ ਸਾਹਿਤ ਵਿੱਚ ਅੰਤਰ ਕਰਨ ਦੇ ਯੋਗ ਹੋਇਆ। ਪਹਿਲੀ ਪੁਸਤਕ ਇੱਕ ਕਾਵਿ-ਸੰਗ੍ਰਹਿ ਸੀ ਤੇ ਉਸ ਤੋਂ ਅੱਗੇ ਚੱਲ ਕਹਾਣੀ-ਸੰਗ੍ਰਹਿ, ਨਾਵਲ ਅਤੇ ਅਨੁਵਾਦ ਦੇ ਖੇਤਰ ਵਿੱਚ ਕੰਮ ਕਰਦਾ ਉਹ ਇਕ ਸਥਾਪਤ ਮੁਕਾਮ 'ਤੇ ਪੁੱਜਣ ਵਿੱਚ ਕਾਮਯਾਬ ਹੋਇਆ ਹੈ, ਜੋ ਉਸ ਦੀ ਇਸ ਲਗਨ ਤੇ ਮਿਹਨਤ ਦਾ ਸਿੱਟਾ ਹੈ। ਆਪਣੇ ਨਵੇਂ ਸੰਗ੍ਰਹਿ 'ਆਪਣਾ ਘਰ' ਵਿੱਚ ਉਸ ਨੇ ਆਮ ਜ਼ਿੰਦਗੀ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਮਸਲਿਆਂ ਨੂੰ ਚਿਤਰਿਤ ਕੀਤਾ ਹੈ। ਉਸ ਦੀਆਂ ਕਹਾਣੀਆਂ ਵਿੱਚ ਪੰਜਾਬੀ ਮੱਧ ਵਰਗੀ ਸਮਾਜ ਦੇ ਆਮ ਲੋਕਾਂ ਦੇ ਸੰਜੀਦਾ ਮਸਲੇ ਬਹੁਤ ਵਿਲੱਖਣ ਢੰਗ ਨਾਲ ਪੇਸ਼ ਕੀਤੇ ਗਏ ਹਨ। ਇਹ ਬਿਰਤਾਂਤ ਇਸ ਤਰੀਕੇ ਨਾਲ ਸੰਗਠਤ ਕੀਤਾ ਗਿਆ ਹੈ ਕਿ ਰੌਚਕਤਾ ਤੇ ਕਹਾਣੀ ਰਸ ਵੀ ਇਹਨਾਂ ਕਹਾਣੀਆਂ ਦਾ ਮੁੱਖ ਤੱਤ ਬਣ ਕੇ ਉੱਭਰਦਾ ਹੈ। ਕਹਾਣੀਆਂ ਦੇ ਪਾਤਰਾਂ ਦਾ ਚਿਤਰਨ ਵੀ ਇੱਕ ਵੱਖਰੇ ਅੰਦਾਜ਼ ਵਿੱਚ ਕਰਕੇ ਕਹਾਣੀਕਾਰ ਨੇ ਇਹਨਾਂ ਕਹਾਣੀਆਂ ਨੂੰ ਇੱਕ ਵੱਖਰੇ ਜ਼ਾਵੀਏ 'ਤੇ ਪੁਚਾ ਦਿੱਤਾ ਹੈ। ਇਸ ਕਹਾਣੀ ਸੰਗ੍ਰਹਿ ਵਿੱਚ ਕੁੱਲ 11 ਕਹਾਣੀਆਂ ਹਨ। ਕਹਾਣੀਆਂ ਹਵਾ ਹਵਾਈ, ਆਪਣਾ ਘਰ, ਮੁਆਤੇ, ਸ਼ੂਗਰ ਰੋਗ, ਜੱਲਾਦ, ਟਟੀਹਰੇ, ਜਿਉਣ ਮਰਨ, ਤੀਲੀ, ਵਕਤ, ਸੌਦਾ ਅਤੇ ਕੜਵਾ ਝੂਠ ਵਿੱਚ ਕ੍ਰਮਵਾਰ ਦਾਜ ਦੇ ਮਸਲੇ, ਮਾਪਿਆਂ ਨੂੰ ਬਿਰਧ ਆਸ਼ਰਮ ਭੇਜਣ ਦੀ ਲੋੜ, ਸਮਾਜਿਕ ਮਸਲਿਆਂ ਬਾਰੇ ਸਮਾਜ ਦੇ ਲੋਕਾਂ ਦੀ ਮਾਨਸਿਕਤਾ, ਜਾਤ-ਪਾਤ, ਰੇਪ ਕੇਸ ਦੇ ਗੁਨਾਹਗਾਰਾਂ ਨੂੰ ਫਾਂਸੀ ਦੀ ਸਜ਼ਾ ਦੇ ਰਹੇ ਜਲਾਦ ਦੀ ਮਾਨਸਿਕਤਾ, ਪਸ਼ੂ ਪੰਛੀਆਂ ਦੇ ਜੀਵਨ, ਮੁਫ਼ਤ ਮੈਡੀਕਲ ਕੈਂਪ ਅਤੇ ਬਾਹਰਲੇ ਦੇਸ਼ਾਂ ਵਿੱਚ ਜਾ ਵੱਸਣ ਦੀ ਲਾਲਸਾ ਨੂੰ ਵਿਸ਼ਾ ਬਣਾਇਆ ਹੈ। ਇਹਨਾਂ ਕਹਾਣੀਆਂ ਦੇ ਪਾਤਰ ਗੁਰਜੀਤ, ਵਿਜੇ ਬਾਬੂ, ਚੰਦਰ ਪ੍ਰਕਾਸ਼, ਗੋਗੀ, ਹਕੀਮ ਚੰਦ, ਜੱਲਾਦ, ਟਟੀਹਰੀ ਪਰਵਾਰ, ਭਜਨ ਕੌਰ, ਮਨੋਹਰ ਅਤੇ ਰਾਕੇਸ਼ ਦੇ ਨਜ਼ਰੀਏ ਤੋਂ ਇਸ ਸਮਾਜ ਦੀ ਯਥਾਰਥ ਤਸਵੀਰਕਸ਼ੀ ਕੀਤੀ ਹੈ।

ਸਭ ਤੋਂ ਪਹਿਲਾਂ ਪੁਸਤਕ ਦੇ ਸਿਰਲੇਖ ਵਾਲੀ ਕਹਾਣੀ ਦੀ ਗੱਲ ਕੀਤੀ ਜਾਵੇ ਤਾਂ 'ਆਪਣਾ ਘਰ' ਇੱਕ ਸ਼ਾਨਦਾਰ ਕਹਾਣੀ ਹੈ। ਇਸ ਕਹਾਣੀ ਦੇ ਬਿਰਤਾਂਤ ਦਾ ਸਥਾਨ ਇਸ ਸਮਾਜ ਦਾ ਕੋਈ ਵੀ ਘਰ ਹੋ ਸਕਦਾ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਮਾਂ-ਬਾਪ ਆਪਣੇ ਬੁਢਾਪੇ ਵਿੱਚ ਪਹੁੰਚਣ 'ਤੇ ਔਲਾਦ ਨੂੰ ਭਾਰ ਲੱਗਣ ਲੱਗ ਪੈਂਦੇ ਹਨ ਅਤੇ ਉਸ ਸਮੇਂ ਹਾਲਾਤ ਹੋਰ ਜ਼ਿਆਦਾ ਚਿੰਤਾਜਨਕ ਹੋ ਜਾਂਦੇ ਹਨ ਜਦੋਂ ਔਲਾਦ ਆਪਣੀ ਨੌਕਰੀ ਵਿੱਚ ਰੁੱਝੀ ਹੋਵੇ ਤੇ ਜਿਸ ਕਾਰਨ ਉਹਨਾਂ ਕੋਲ ਮਾਂ-ਬਾਪ ਕੋਲ ਬੈਠਣ ਜਾਂ ਉਹਨਾਂ ਨੂੰ ਸੰਭਾਲਣ ਦਾ ਸਮਾਂ ਹੀ ਨਹੀਂ ਹੁੰਦਾ। ਇਸੇ ਕਾਰਨ ਅਜੋਕੇ ਸਮੇਂ ਵਿੱਚ ਬਿਰਧ ਆਸ਼ਰਮਾਂ ਦਾ ਰੁਝਾਨ ਵਧ ਰਿਹਾ ਹੈ। ਅਜਿਹੀ ਹੀ ਕੁਝ ਹਾਲਤਾਂ ਨੂੰ ਇਸ ਕਹਾਣੀ ਵਿੱਚ ਪੇਸ਼ ਕੀਤਾ ਗਿਆ ਹੈ। ਭਾਵੇਂ ਇਹ ਵਿਸ਼ਾ ਇਸ ਤੋਂ ਪਹਿਲਾਂ ਵੀ ਕਈ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਵਿੱਚ ਪੇਸ਼ ਕੀਤਾ ਹੋਵੇਗਾ, ਪਰ ਗੋਵਰਧਨ ਗੱਬੀ ਦੀ ਵਿਲੱਖਣ ਅਤੇ ਨਾਟਕੀ ਸ਼ੈਲੀ ਕਾਰਨ ਇਸ ਕਹਾਣੀ ਵਿੱਚ ਅਜਿਹੇ ਵਿਸ਼ੇ ਕਾਰਨ ਮਨ ਵਿੱਚ ਚੱਲਣ ਵਾਲੀ ਕਸ਼ਮਕਸ਼ ਅੰਤ ਤੱਕ ਬਰਕਰਾਰ ਰਹਿੰਦੀ ਹੈ ਅਤੇ ਨਾਲ ਹੀ ਇਹ ਕਹਾਣੀ ਨੈਤਿਕਤਾ ਭਰੀ ਸਿੱਖਿਆ ਵੀ ਦਿੰਦੀ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਹਵਾ ਹਵਾਈ, ਮੁਆਤੇ ਅਤੇ ਜੱਲਾਦ ਵਿੱਚ ਕਹਾਣੀਕਾਰ ਨੇ ਟੈਲੀਫੋਨ 'ਤੇ ਕੀਤੀ ਜਾ ਰਹੀ ਗੱਲਬਾਤ ਨੂੰ ਕੇਂਦਰ ਵਿੱਚ ਰੱਖ ਕੇ ਬਿਰਤਾਂਤ ਉਸਾਰਿਆ ਹੈ। ਟੈਲੀਫੋਨ ਰਾਹੀਂ ਗੱਲਬਾਤ ਕਰਦਿਆਂ ਦੋਵੇਂ ਧਿਰਾਂ ਇੱਕ-ਦੂਜੇ ਦਾ ਚਿਹਰਾ ਤਾਂ ਨਹੀਂ ਵੇਖ ਸਕਦੀਆਂ, ਸਗੋਂ ਆਪਸੀ ਗੱਲਬਾਤ ਦੇ ਢੰਗ ਅਤੇ ਗੱਲਾਂ ਕਰਨ ਦੇ ਸੁਰ ਤੋਂ ਅਗਲੇ ਦੀ ਅਸਲੀਅਤ ਅਤੇ ਸੱਚਾਈ ਦਾ ਅੰਦਾਜ਼ਾ ਲਾਉਣਾ ਪੈਂਦਾ ਹੈ। ਸ਼ਾਇਦ ਕਹਾਣੀਕਾਰ ਨੇ ਇਸ ਤਕਨੀਕ ਦੇ ਇਸ ਗੁਣ ਕਾਰਨ ਹੀ ਇਸ ਸਮਾਜ ਦੇ ਬਹੁਤ ਹੀ ਸੰਜੀਦਾ ਮਸਲੇ ਇਸ ਤਕਨੀਕ ਰਾਹੀਂ ਬਿਰਤਾਂਤੇ ਹਨ। ਉਸ ਨੇ ਪਹਿਲੀ ਕਹਾਣੀ 'ਹਵਾ ਹਵਾਈ' ਵਿੱਚ ਬਹੁਤ ਹੀ ਸੰਜੀਦਾ ਮਸਲੇ ਦਾਜ ਦੀ ਲਾਹਨਤ ਨੂੰ ਕੁਝ ਮਜਾਹੀਆ ਢੰਗ ਨਾਲ਼ ਪੇਸ਼ ਕੀਤਾ ਹੈ, ਕਹਾਣੀਕਾਰ ਸਮਾਜ ਦੀ ਉਸ ਲਾਹਣਤੀ ਬੁਰਾਈ ਨੂੰ ਚਿਤਰਦਾ ਹੈ, ਜਿਸ ਕਾਰਨ ਇਸ ਸਮਾਜ ਦੀਆਂ ਕਈ ਕੁੜੀਆਂ ਬਲੀ ਚੜ੍ਹੀਆਂ ਹੋਣਗੀਆਂ। ਦਾਜ ਮੰਗਣ ਵਾਲਾ ਧਿਰ ਵੀ ਜਾਣਦਾ ਹੈ ਕਿ ਦਾਜ ਦੇਣ ਵਾਲੇ ਔਖੇ ਹੋ ਕੇ ਹੀ ਸਾਰੀਆਂ ਮੰਗਾਂ ਪੂਰੀਆਂ ਕਰਦੇ ਹਨ, ਪਰ ਫਿਰ ਵੀ ਉਹ ਦਾਜ ਮੰਗਣਾ ਆਪਣਾ ਹੱਕ ਸਮਝਦੇ ਹਨ। ਕਹਾਣੀਕਾਰ ਇਕ ਥਾਂਈਂ ਦਾਜ ਮੰਗਦੀ ਨਣਾਨ ਦਾ ਸੰਵਾਦ ਲਿਖਦਾ ਹੈ, 'ਅੱਜਕੱਲ੍ਹ ਤਾਂ ਦੋ-ਦੋ ਤੋਲੇ ਦਾ ਰਿਵਾਜ ਆ, ਸਾਡੇ ਇਕ ਅਮਰਜੀਤ ਭੈਣਜੀ ਆ.. ਉਹਦੇ ਭਰਾ ਦੇ ਵਿਆਹ 'ਤੇ ਕੁੜੀ ਵਾਲਿਆਂ ਨੇ ਤਾਂ ਭੈਣ ਨੂੰ ਚਾਰ-ਚਾਰ ਤੋਲੇ ਦੀਆਂ ਦੋ ਚੂੜੀਆਂ ਪਾਈਆਂ ਤੇ ਜੀਜੇ ਨੂੰ ਤਿੰਨ ਤੋਲੇ ਦਾ ਕੜਾ ਪਰ ਭਾਈ ਉਹ ਇਕੱਲੀ ਭੈਣ ਸੀ.. ਸੋ ਅਸੀਂ ਦੋ ਭੈਣਾਂ ਆਂ, ਸੋ ਦੋ-ਦੋ ਤੋਲੇ ਦੀਆਂ ਤਾਂ ਹੋਣੀਆਂ ਚਾਹੀਦੀਆਂ...ਗੁਰਜੀਤ ਅਸੀਂ ਵੀ ਸਮਝਦੇ ਆਂ ਬਹੁਤ ਮੁਸ਼ਕਿਲ ਹੁੰਦਾ ਹੈ ਧੀਆਂ ਨੂੰ ਘਰੋਂ ਤੋਰਨਾ। ਮੇਰੀ ਮਾਂ ਨੇ ਵੀ 'ਕੱਲਿਆਂ ਹੀ ਸਾਨੂੰ ਦੋਵਾਂ ਭੈਣਾਂ ਨੂੰ ਪੜ੍ਹਾਇਆ, ਲਿਖਾਇਆ। ਸਾਡੇ ਵਿਆਹ ਵੀ ਕੀਤੇ, ਸੋ ਮੈਂ ਵੀ ਸਾਰੀਆਂ ਗੱਲਾਂ ਸਮਝਦੀ ਆਂ...ਸੋ ਮੈਂ ਤੁਹਾਡੇ ਟੱਬਰ ਉੱਪਰ ਬਹੁਤਾ ਭਾਰ ਨਹੀਂ ਪਾਉਣਾ ਚਾਹੁੰਦੀ, ਤਦੇ ਹੀ ਮੈਂ ਕਹਿ ਰਹੀ ਆ ਪਈ ਜੋ ਠੀਕ-ਠੀਕ ਲੱਗੇ, ਉਹੀ ਕਰਨਾ ਵਾ ਤੁਸੀਂ.. ਪਰ ਬਸ ਜ਼ਰਾ ਬਣਦਾ ਫਬਦਾ ਹੋਵੇ.. ਦੁਨੀਆ ਕੁਹ 'ਕਹੇ ਨਾ ਬਈ...ਆ ਕੀ ਫੋਰਮੈਲਟੀਆਂ ਕੀਤੀਆਂ ਨੇ। ਕੁਹ ਵੀ ਚੱਜ ਦਾ ਨਹੀਂ ਪਾਇਆ ਕੁੜੀ ਵਾਲਿਆਂ ਨੇ ਗੁਰਜੀਤ ਨੱਕ ਨਹੀਂ ਰਹਿੰਦਾ ਨਾ ਸਮਾਜ ਵਿਚ....।'

ਅਗਲੀ ਕਹਾਣੀ 'ਮੁਆਤੇ' ਵਿੱਚ ਗੋਗੀ ਨਾਂਅ ਦਾ ਪਾਤਰ ਅਤੇ ਮੂਨ ਲਾਈਟ ਅਰਥਾਤ ਚੰਦਰ ਪ੍ਰਕਾਸ਼ ਦੀ ਟੈਲੀਫੋਨ 'ਤੇ ਹੋ ਰਹੀ ਗੱਲਬਾਤ ਹੈ, ਜਿਸ ਵਿੱਚ ਉਹਨਾਂ ਦੋਵਾਂ ਪਾਤਰਾਂ ਨੇ ਇਸ ਸਮਾਜ ਵਿੱਚ ਪਨਪ ਰਹੀਆਂ ਕਈ ਸਮੱਸਿਆਵਾਂ ਬਾਰੇ ਚਰਚਾ ਕੀਤੀ ਹੈ। ਕੁਝ ਗੱਲਾਂ ਸਿੱਧੀਆਂ ਅਤੇ ਕੁਝ ਪ੍ਰਤੀਕਾਂ ਦੀ ਮਦਦ ਨਾਲ਼ ਇਸ ਚਰਚਾ ਦਾ ਹਿੱਸਾ ਬਣੀਆਂ ਹਨ। ਇਸ ਕਹਾਣੀ ਵਿੱਚ ਵੀ ਜਦ ਦੋਵੇਂ ਕਿਰਦਾਰ ਇਹਨਾਂ ਸਾਰੇ ਮਸਲਿਆਂ ਬਾਰੇ ਚਰਚਾ ਕਰਦੇ ਹਨ ਤਾਂ ਇਹਨਾਂ ਪਿੱਛੇ ਲੁਕੇ ਸੱਚ ਨੂੰ ਉਜਾਗਰ ਕਰਨ ਲਈ ਫੋਨ 'ਤੇ ਗੱਲ ਦੀ ਤਕਨੀਕ ਹੀ ਕਾਰਗਰ ਸਿੱਧ ਹੋ ਸਕਦੀ ਸੀ। ਇਸ ਢੰਗ ਨਾਲ਼ ਹੀ ਇਹਨਾਂ ਸਮੱਸਿਆਵਾਂ ਦੀਆਂ ਸੱਚਾਈਆਂ ਤੋਂ ਪਰਦਾ ਚੁੱਕਿਆ ਜਾ ਸਕਦਾ ਹੈ। ਇੱਕ ਹੋਰ ਕਹਾਣੀ 'ਜੱਲਾਦ' ਉਸ ਵਿਅਕਤੀ ਦੀ ਮਾਨਸਿਕਤਾ ਬਾਰੇ ਹੈ, ਜੋ ਰੇਪ ਕੇਸ ਵਿੱਚ ਫਾਂਸੀ ਦੀ ਸਜ਼ਾਯਾਫ਼ਤਾ ਮੁਜਰਮਾਂ ਨੂੰ ਫਾਂਸੀ ਦੇ ਕੇ ਆਪਣੀ ਡਿਊਟੀ ਨਿਭਾਅ ਰਿਹਾ ਹੈ। ਕਿਸੇ ਨੂੰ ਵੀ ਮਾਰਨਾ ਸੌਖਾ ਕੰਮ ਨਹੀਂ ਹੈ, ਅਸਲ ਵਿੱਚ ਇਹ ਉਸ ਦਾ ਵੀ ਇਮਤਿਹਾਨ ਸੀ। ਉਸ ਜੱਲਾਦ ਦੇ ਮਨੋਸੰਵਾਦ ਕਹਾਣੀਕਾਰ ਲਿਖਦਾ ਹੈ, ਫਾਂਸੀ ਤੋਂ ਇਕ ਦਿਨ ਪਹਿਲਾਂ ਮੈਂ ਸਾਰਾ ਦਿਨ ਜੇਲ੍ਹ ਵਿੱਚ ਹੀ ਰਿਹਾ... ਨ੍ਹਾਤਾ, ਧੋਤਾ... ਭੋਜਨ ਖਾਧਾ। ਥੋੜ੍ਹਾ ਆਰਾਮ ਕੀਤਾ। ਫਿਰ ਲੱਗ ਪਿਆ ਤਿਆਰੀ ਕਰਨ... ਸਵੇਰੇ ਸਾਢੇ ਪੰਜ ਵਜੇ ਫਾਂਸੀ ਤਾਂ ਉਹਨਾਂ ਚਾਰਾਂ ਨੂੰ ਲੱਗਣੀ ਸੀ, ਪਰ ਇਮਤਿਹਾਨ ਮੇਰਾ ਵੀ ਤਾਂ ਹੋਣਾ ਸੀ... ਸਾਰੇ ਮੀਡੀਆ ਵਿੱਚ ਖ਼ਬਰਾਂ ਚੱਲ ਰਹੀਆਂ ਸਨ ਕਿ ਖਾਨਦਾਨੀ ਜੱਲਾਦ ਨੇ ਉਹਨਾਂ ਚਾਰਾਂ ਨੂੰ ਫਾਂਸੀ ਦੇਣੀ ਹੈ। ਮੇਰੀ ਬੇਚੈਨੀ ਵੀ ਵਧ ਰਹੀ ਸੀ... ਮੈਂ ਲਗਾਤਾਰ ਰੱਬ ਅੱਗੇ ਇਹੀ ਦੁਆ ਕਰ ਰਿਹਾ ਸਾਂ ਕਿ ਇਸ ਵਾਰ ਫਾਂਸੀ ਟਲਣੀ ਨਹੀਂ ਚਾਹੀਦੀ... ਫਾਹੇ ਤਾਂ ਮੈਂ ਉਹਨਾਂ ਨੂੰ ਚੜ੍ਹਾ ਕੇ ਹੀ ਛੱਡਾਂਗਾ। ਕਹਾਣੀ ਦੇ ਅੰਤ ਵਿੱਚ ਜੱਲਾਦ ਪਾਤਰ ਦੇ ਫੋਨ 'ਤੇ ਨਹੀਂ, ਸਗੋਂ ਇਕੱਲੇ ਹੀ ਗੱਲਾਂ ਕਰ ਰਹੇ ਹੋਣ ਬਾਰੇ ਦੱਸ ਕੇ ਕਹਾਣੀਕਾਰ ਨੇ ਇਸ ਪਾਤਰ ਦੀ ਮਾਨਸਿਕਤਾ ਸਪੱਸ਼ਟ ਪਾਠਕ ਸਾਹਮਣੇ ਰੱਖ ਦਿੱਤੀ ਹੈ। ਕਹਾਣੀ 'ਸ਼ੂਗਰ ਰੋਗ' ਸਾਡੀ ਮਾਨਸਿਕਤਾ ਵਿੱਚ ਡੂੰਘੇ ਬੈਠੇ ਜਾਤ-ਪਾਤ ਦੇ ਵਿਤਕਰੇ ਬਾਰੇ ਲਿਖੀ ਕਹਾਣੀ ਹੈ। ਇਸ ਕਹਾਣੀ ਵਿੱਚ ਸ਼ਿਵ ਨਾਥ ਨਾਂਅ ਦਾ ਬੰਦਾ ਵਿਅਕਤੀ ਅਣਜਾਣਪੁਣੇ ਵਿੱਚ ਤਾਂ ਮੈਂ-ਪਾਤਰ ਦੇ ਘਰ ਕੁਝ ਵੀ ਖਾਣ-ਪੀਣ ਤੋਂ ਗੁਰੇਜ਼ ਨਹੀਂ ਕਰਦਾ, ਪਰ ਜਦੋਂ ਉਸ ਨੂੰ ਇਸ ਗੱਲ ਦਾ ਪਤਾ ਲੱਗਦਾ ਹੈ ਕਿ ਮੈਂ-ਪਾਤਰ ਉਸ ਤੋਂ ਛੋਟੀ ਜਾਤ ਦਾ ਹੈ ਤਾਂ ਉਸ ਘਰੇ ਖਾਣਾ ਤਾਂ ਦੂਰ, ਚਾਹ ਪੀਣ ਤੋਂ ਵੀ ਇਨਕਾਰ ਕਰ ਦਿੰਦਾ ਹੈ। ਕਾਰ ਸਾਫ਼ ਕਰਨ ਦੀ ਨੌਕਰੀ ਵੀ ਉਹ ਆਪਣੇ ਤਾਏ ਦਾ ਕਰਜ਼ ਉਤਾਰਨ ਲਈ ਹੀ ਕਰਦਾ ਹੈ। ਅੰਤ ਵਿੱਚ ਉਹ ਇਹ ਕਹਿ ਕੇ ਇਨਕਾਰ ਕਰਦਾ ਹੈ ਕਿ ਉਸ ਨੂੰ ਸ਼ੂਗਰ ਰੋਗ ਹੈ। ਇਸ ਢੰਗ ਨਾਲ ਕਹਾਣੀਕਾਰ ਨੇ ਸ਼ੂਗਰ ਰੋਗ ਦਾ ਪ੍ਰਤੀਕ ਵਰਤ ਕੇ ਉਸ ਸੋਚ ਨੂੰ ਬਿਆਨ ਕੀਤਾ ਹੈ, ਜੋ ਇਸ ਸਮਾਜ ਵਿੱਚ ਸ਼ੂਗਰ ਰੋਗ ਵਾਂਗ ਇਕ ਆਮ ਵਰਤਾਰਾ ਹੈ।

ਕਹਾਣੀ 'ਟਟੀਹਰੇ ਪੰਛੀਆਂ ਦੀ ਦੁਨੀਆ' ਨੂੰ ਬਿਆਨ ਕਰਦੀ ਇਕ ਬੜੀ ਸੁੰਦਰ ਕਹਾਣੀ ਹੈ। ਇਸ ਵਿੱਚ ਮੈਂ-ਪਾਤਰ ਪੰਛੀਆਂ ਦੀ ਮਾਨਸਿਕਤਾ ਅਤੇ ਉਹਨਾਂ ਦੀ ਕਾਰ-ਵਿਹਾਰ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਅਤੇ ਉਸ ਦੀ ਤੁਲਨਾ ਮਨੁੱਖੀ ਵਿਹਾਰ ਨਾਲ ਕਰ ਉਹ ਸ਼ੁਤਰ ਮੁਰਗ, ਕਬੂਤਰ ਅਤੇ ਹੋਰ ਪੰਛੀਆਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦਾ ਹੈ, ਇੱਥੋਂ ਤੱਕ ਕਿ ਉਹ ਉਹਨਾਂ ਪੰਛੀਆਂ ਨਾਲ ਇੱਕ ਰਿਸ਼ਤਾ ਵੀ ਬਣਾ ਲੈਂਦਾ ਹੈ। ਕਹਾਣੀ 'ਜਿਉਣ ਮਰਨ' ਵਿੱਚ ਕਹਾਣੀਕਾਰ ਨੇ ਬਹੁਤ ਕਲਾਤਮਿਕ ਤਰੀਕੇ ਨਾਲ ਸਾਡੇ ਸਮਾਜ ਦੀ ਉਸ ਮਾਨਸਿਕਤਾ ਬਾਰੇ ਗੱਲ ਕੀਤੀ ਹੈ, ਜਿਸ ਵਿੱਚ ਮੁਫ਼ਤ ਖਾਣ-ਪੀਣ ਅਤੇ ਮੁਫ਼ਤ ਸੇਵਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਭਾਵੇਂ ਇਸ ਕਾਰਨ ਸਿਹਤ ਉਤੇ ਮਾੜੇ ਪ੍ਰਭਾਵ ਹੀ ਪੈਣ। ਇਸ ਕਹਾਣੀ ਵਿੱਚ ਵੈੱਲਫੇਅਰ ਕਮੇਟੀ ਵੱਲੋਂ ਲੱਗੇ ਮੈਡੀਕਲ ਕੈਂਪ ਨੂੰ ਆਧਾਰ ਬਣਾ ਕੇ ਕਹਾਣੀਕਾਰ ਨੇ ਬਿਮਾਰੀਆਂ ਕਾਰਨ ਮਨੁੱਖ ਦੇ ਦੁੱਖਾਂ ਦੀ ਗੱਲ ਕੀਤੀ ਹੈ। ਨਾਲ਼ ਹੀ ਉਹ ਇਹਨਾਂ ਕੈਂਪਾਂ ਕਾਰਨ ਲੋਕਾਂ ਵਿੱਚ ਬਿਮਾਰੀਆਂ ਦੇ ਵਧ ਰਹੇ ਵਹਿਮਾਂ ਦੀ ਭੰਡੀ ਵੀ ਕੀਤੀ ਹੈ ਜਦ ਪਾਤਰ ਭਜਨ ਕੌਰ ਆਪਣੀ ਨੂੰਹ ਨੂੰ ਕਹਿੰਦੀ ਹੈ, 'ਕੁੜੇ ਤੂੰ ਬਹੁਤੇ ਉਪਦੇਸ਼ ਨਾ ਸੁਣਾ... ਚਾਹ ਨਾ ਫਿੱਕੀ ਬਣਾਈਂ ਤੇ ਨਾ ਹੀ ਫੋਕੀ ਲਿਆਈਂ... ਨਾਲ ਦੇਸੀ ਘੀ ਵਾਲੇ ਲੱਡੂ ਵੀ ਲੈ ਕੇ ਆਵੀਂ... ਜਿਹੜੇ ਪਰਸੋਂ ਬਰਾੜਾਂ ਦੇ ਮੁੰਡੇ ਦੇ ਸ਼ਗਨ ਦੇ ਆਏ ਸਨ... ਨਾਲ ਜੇ ਮਿੱਠੇ ਨਾਲ ਸ਼ੂਗਰ ਹੋਣ ਲੱਗੇ ਤਾਂ ਫਿਰ ਸਾਰੇ ਹਲਵਾਈਆਂ ਨੂੰ ਸ਼ੂਗਰ ਨਾ ਹੋਈ ਹੋਵੇ... ਤੂੰ ਮੇਰੀ ਸ਼ੂਗਰ ਵਧਦੀ ਹੈ ਤਾਂ ਵਧਣ ਦੇ... ਹੁਣ ਸ਼ੂਗਰ ਦੇ ਚੱਕਰਾਂ 'ਚ ਖਾਣਾ ਪੀਣੈ ਥੋੜ੍ਹਾ ਛੱਡ ਦੇਣੈ... ਨਾਲੇ ਮੇਰੇ ਵਰਗੀ ਬੁੱਢੀ ਦੀਆਂ ਰਿਪੋਰਟਾਂ ਤੁਹਾਡੇ ਵਰਗੀਆਂ ਜੁਆਨਾਂ ਕੋਲੋਂ ਕਿਤੇ ਚੰਗੀਆਂ ਆਈਆਂ ਨੇ.. ਮੈਂ ਤਾਂ ਅਜੇ ਪੰਝਤਰਾਂ ਤੋਂ ਇੱਕ ਹੀ ਟੱਪੀ ਆਂ... ਕਿਤੇ ਨਹੀਂ ਮਰਦੀ ਮੈਂ... ਲਓ ਭੈਣ ਜੀ ਮੂੰਹ ਮਿੱਠਾ ਕਰੋ... ਉੱਥੇ ਫਰੀ ਵੰਡਦੇ ਪਏ ਸਨ।' ਬੋਲਦੇ ਹੋਏ ਭਜਨ ਕੌਰ ਨੇ ਆਪਣੀ ਜੇਬ ਵਿੱਚੋਂ ਇੱਕ ਨਿੱਕਾ ਜਿਹਾ ਚਾਕਲੇਟ ਕੱਢ ਕੇ ਚੋਰੀ ਨਾਲ ਰਾਜਪ੍ਰੀਤ ਦੇ ਹੱਥ ਫੜਾ ਦਿੱਤਾ। ਇਸ ਕਹਾਣੀ ਸੰਗ੍ਰਹਿ ਦੀ ਅਗਲੀ ਕਹਾਣੀ 'ਤੀਲੀ' ਪਤੀ-ਪਤਨੀ ਦੇ ਰਿਸ਼ਤੇ ਵਿਚਲੇ ਪਿਆਰ ਅਤੇ ਵਿਸ਼ਵਾਸ ਨੂੰ ਉਜਾਗਰ ਕਰਦੀ ਹੈ। ਇੱਕ-ਦੂਜੇ ਦੀ ਪਰਵਾਹ ਕਰਨ ਤੋਂ ਸ਼ੁਰੂ ਹੁੰਦੀ ਇਹ ਕਹਾਣੀ ਜਿੱਥੇ ਕਾਂਤਾ ਦੀ ਆਪਣੇ ਪਤੀ ਦੀ ਸਿਹਤ ਲਈ ਵਿਆਕੁਲਤਾ ਨੂੰ ਚਿਤਰਤ ਕਰਦੀ ਹੈ ਅਤੇ ਸਵੇਰ ਦੀ ਸੈਰ ਕਰਦਿਆਂ ਵੱਖਰੇ-ਵੱਖਰੇ ਪਰਵਾਰਾਂ ਅਤੇ ਪਤੀ-ਪਤਨੀ ਦੇ ਰਿਸ਼ਤਿਆਂ ਬਾਰੇ ਚਰਚਾ ਕਰਦੀ ਕਾਂਤਾ ਕਹਾਣੀ ਦੇ ਅੰਤ ਵਿੱਚ ਇਸ ਨਤੀਜੇ 'ਤੇ ਪਹੁੰਚਦੀ ਹੈ ਕਿ ਆਪਸੀ ਪਿਆਰ ਹੀ ਇਸ ਰਿਸ਼ਤੇ ਦੀ ਨੀਂਹ ਹੈ। ਕਹਾਣੀ 'ਵਕਤ' ਪਰਵਾਰ ਵਿਚਲੇ ਬਜ਼ੁਰਗਾਂ ਦੇ ਇਕੱਲੇਪਣ ਨੂੰ ਦਰਸਾਉਂਦੀ ਕਹਾਣੀ ਹੈ, ਜਿਸ ਵਿੱਚ ਰਾਕੇਸ਼ ਦੀ ਮਾਂ ਇਕੱਲੇਪਣ ਦੀ ਸ਼ਿਕਾਰ ਹੈ ਅਤੇ ਉਹ ਆਪਣੇ ਪੁੱਤਰ ਦਾ ਸਮਾਂ ਖਰੀਦਣਾ ਚਾਹੁੰਦੀ ਹੈ। ਉਹ ਆਪਣੇ ਪੁੱਤ ਨੂੰ 15000 ਰੁਪਏ ਦੇ ਕੇ ਕਹਿੰਦੀ ਹੈ ਕਿ ਹਰ ਰੋਜ਼ ਉਸ ਨੂੰ ਇੱਕ ਘੰਟਾ ਉਸ ਕੋਲ ਗੁਜ਼ਾਰਨਾ ਪਵੇਗਾ। ਉਸ ਦੀ ਅਜਿਹੀ ਗੱਲ ਸੁਣ ਕੇ ਉਸ ਦਾ ਪੁੱਤ ਰਾਕੇਸ਼ ਸ਼ਰਮਿੰਦਾ ਵੀ ਹੁੰਦਾ ਹੈ ਅਤੇ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਪੈਸੇ ਕਮਾਉਣ ਦੀ ਦੌੜ ਵਿੱਚ ਕੀ ਗ਼ਲਤੀ ਕਰ ਰਿਹਾ ਸੀ।

ਇਸ ਕਹਾਣੀ ਸੰਗ੍ਰਹਿ ਦੀਆਂ ਅੰਤਿਮ ਦੋ ਕਹਾਣੀਆਂ 'ਸੌਦਾ' ਅਤੇ 'ਕੜਵਾ ਝੂਠ' ਬਾਹਰਲੇ ਦੇਸ਼ ਜਾ ਵਸਣ ਦੀ ਲਾਲਸਾ ਨੂੰ ਦਰਸਾਉਂਦੀਆਂ ਕਹਾਣੀਆਂ ਹਨ। ਅੱਜ ਦੇ ਸਮੇਂ ਵਿੱਚ ਇਹ ਰੁਝਾਨ ਇਸ ਸਮਾਜ ਵਿੱਚ ਬਹੁਤ ਵਧ ਗਿਆ ਹੈ ਅਤੇ ਇਹ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਚੰਗੇ ਇਰਾਦਿਆਂ ਤੇ ਨਜ਼ਰੀਏ ਦੀ ਨਿਸ਼ਾਨਦੇਹੀ

### ਸਾਹਿਤ ਚਿੰਤਨ

**ਡਾ. ਜਸਵਿੰਦਰ ਕੌਰ ਬਿੰਦਰਾ**

## ਤੀਲ੍ਹਾ

**ਰਿਪੁਦਮਨ ਸਿੰਘ ਰੂਪ**
**ਪੰਨੇ : 130, ਮੁੱਲ : 295 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**




ਰਿਪੁਦਮਨ ਸਿੰਘ ਰੂਪ ਦਾ ਨਵੀਨ ਨਾਵਲ ਸਾਡੇ ਨਿਆਂ ਸਿਸਟਮ ਨਾਲ ਸੰਬੰਧਤ ਹੈ। ਇਸ ਵਿਸ਼ੇ ਨੂੰ ਕੇਂਦਰਤ ਕਰਕੇ ਲਿਖੇ ਗਏ ਦੋ-ਤਿੰਨ ਨਾਵਲਾਂ ਤੋਂ ਵੱਧ ਸਾਨੂੰ ਹੋਰ ਲਿਖਤਾਂ ਨਹੀਂ ਮਿਲਦੀਆਂ। ਆਮ ਤੌਰ 'ਤੇ ਜੇ ਇਸ ਵਿਸ਼ੇ ਨੂੰ ਲਿਆ ਵੀ ਜਾਂਦਾ ਹੈ ਤਾਂ ਉਸ ਵਿੱਚ ਨਿਆਂ ਸਿਸਟਮ ਦੇ ਉਸ ਪੱਖ ਨੂੰ ਹੀ ਚਿੱਤਰਿਆ ਜਾਂਦਾ ਹੈ, ਜਿਸ ਵਿੱਚ ਨਿਆਂ ਹਮੇਸ਼ਾ ਅਮੀਰਾਂ ਤੇ ਰਸੂਖ਼ਦਾਰਾਂ ਦੇ ਹਿੱਤਾਂ ਵਿੱਚ ਹੀ ਭੁਗਤਦਾ ਦਿਸਦਾ ਹੈ। ਇਹ ਨਜ਼ਰੀਆ ਸਾਡੇ ਸਾਰੇ ਹੀ ਸਰਕਾਰੀ ਤੰਤਰ ਦੀ ਪਛਾਣ ਬਣ ਚੁੱਕਾ ਹੈ। ਜਿਸ ਵਿੱਚ ਭ੍ਰਿਸ਼ਟਾਚਾਰ ਤੇ ਬਦਨੀਅਤੀ ਸਭ ਤੋਂ ਮੂਹਰੇ ਹੋਣ ਕਰਕੇ, ਕੋਈ ਵੀ ਕੰਮ ਲੋਕ ਭਲਾਈ ਤੇ ਜਨਤਾ ਨੂੰ ਮੁੱਖ ਰੱਖ ਕੇ ਨਹੀਂ ਕੀਤਾ ਜਾਂਦਾ, ਸਗੋਂ ਨਿੱਜੀ ਹਿੱਤ ਪ੍ਰਮੁੱਖਤਾ ਹਾਸਲ ਕਰਦੇ ਹਨ। ਸੱਤਾ ਤੇ ਸਰਕਾਰੀ ਤੰਤਰ ਵਿੱਚ ਰਿਸ਼ਵਤਖੋਰੀ, ਘਪਲੇਬਾਜ਼ੀ, ਗਬਨ ਦਾ ਹੀ ਬੋਲਬਾਲਾ ਹੈ। ਕਹਿਣ ਨੂੰ ਭਾਵੇਂ ਭਾਰਤ ਨੂੰ ਸਾਰੀ ਦੁਨੀਆ ਵਿੱਚ ਸਭ ਤੋਂ ਵੱਡੇ ਲੋਕਤੰਤਰ ਦੇ ਰੂਪ ਵਿੱਚ ਬਿਆਨਿਆ ਜਾਂਦਾ ਹੈ ਪ੍ਰੰਤੂ ਅਸਲੀਅਤ ਕੀ ਹੈ, ਅਸੀਂ-ਤੁਸੀਂ ਚੰਗੀ ਤਰ੍ਹਾਂ ਜਾਣਦੇ ਹਾਂ, ਪਰ 'ਤੀਲ੍ਹਾ' ਨਾਵਲ ਵਿੱਚ ਲੇਖਕ ਨੇ ਇਸ ਰਾਇ ਨੂੰ ਤੋੜਨ ਦਾ ਉਪਰਾਲਾ ਕੀਤਾ ਹੈ।

ਨਾਵਲ ਵਿੱਚ ਹਾਈ ਕੋਰਟ ਅੰਦਰਲੇ ਆਉਂਦੇ ਵੱਡੇ ਕੇਸਾਂ ਦੀ ਬਜਾਏ ਇਸ ਵਿੱਚ ਬਾਰ ਕੌਂਸਲ ਦੇ ਵਕੀਲ ਤੇ ਜੱਜ ਮੈਂਬਰਾਨ ਉੱਤੇ ਫੋਕਸ ਕੀਤਾ ਗਿਆ ਹੈ। ਲੇਖਕ ਨੇ ਸਿਮਰਨਜੀਤ ਸਿੰਘ ਦੇ ਰੂਪ ਵਿੱਚ ਅਜਿਹੇ ਕੇਂਦਰੀ ਪਾਤਰ ਨੂੰ ਸਿਰਜਿਆ, ਜਿਸ ਦੇ ਇਰਾਦੇ ਵੱਡੇ ਤੇ ਨੀਅਤ ਸਾਫ਼ ਸੀ। ਭਾਵੇਂ ਸਾਰੇ ਵਕੀਲ ਮਿੱਤਰਾਂ ਦੇ ਵਾਰ-ਵਾਰ ਜ਼ੋਰ ਪਾਉਣ ਦੇ ਬਾਵਜੂਦ ਉਹ ਬਾਰ ਐਸੋਸੀਏਸ਼ਨ ਵਿੱਚ ਸੈਕਟਰੀ ਅਹੁਦੇ ਦੀ ਚੋਣ ਲੜਨ ਲਈ ਨਾ ਆਪ ਤਿਆਰ ਸੀ ਤੇ ਨਾ ਹੀ ਉਸ ਦੇ ਪਿਤਾ ਤੇ ਵੱਡਾ ਭਰਾ। ਉਸ ਨੇ ਹਰ ਵਾਰ ਚੋਣ ਸ਼ਰਾਬ ਵੰਡੀ ਤੇ ਪਿਲਾਈ ਬਿਨਾਂ ਜਿੱਤੀ। ਹਾਲਾਂਕਿ ਪਹਿਲੀ ਵਾਰ ਇਸ ਚੋਣ ਵਿੱਚ ਉਹ ਦੂਜੇ ਸਥਾਨ ਉਤੇ ਆਇਆ, ਪਰ ਮਗਰੋਂ ਉਹ ਲਗਾਤਾਰ ਛੇ ਸਾਲਾਂ ਤੱਕ ਸੈਕਟਰੀ ਅਹੁਦੇ 'ਤੇ ਰਿਹਾ। ਇਸ ਦਾ ਲਗਾਤਾਰ ਇਸ ਅਹੁਦੇ ਉਤੇ ਬਣੇ ਰਹਿਣ ਦਾ ਮੁੱਖ ਕਾਰਨ ਇਹ ਸੀ ਕਿ ਪਹਿਲੀ ਵਾਰ ਚੁਣੇ ਜਾਣ 'ਤੇ ਹੀ ਉਸ ਨੇ ਬਾਰ ਐਸੋਸੀਏਸ਼ਨ ਲਈ ਇਹੋ ਜਿਹੇ ਕੰਮ ਕੀਤੇ ਕਿ ਉਥੋਂ ਦੇ ਸਾਰੇ ਹੀ ਛੋਟੇ-ਵੱਡੇ ਵਕੀਲ ਤੇ ਹੋਰ ਅਮਲਾ ਅਸ਼-ਅਸ਼ ਕਰ ਉੱਠੇ। ਉਸ ਨੇ ਬਹੁਤ ਹੀ ਇਮਾਨਦਾਰੀ ਨਾਲ ਆਪਣੀ ਜ਼ਿੰਮੇਵਾਰੀ ਨੂੰ ਨਿਭਾਇਆ। ਵੱਡੇ-ਛੋਟਿਆਂ ਦਾ ਮਾਣ ਰੱਖਿਆ। ਵਕੀਲ-ਜੱਜਾਂ ਲਈ ਕੰਮ ਕਰਨ ਵਾਲੇ ਹੋਰ ਅਮਲੇ ਜਿਵੇਂ ਸਹਾਇਕਾਂ, ਪੀਅਨ, ਡਰਾਈਵਰਾਂ, ਕਲਰਕਾਂ ਆਦਿ ਲਈ ਵੀ ਚੰਗੇ ਕੰਮ ਕੀਤੇ।

ਉਸ ਨੇ ਸੀਨੀਅਰ ਵਕੀਲਾਂ ਤੇ ਜੱਜਾਂ ਵੱਲੋਂ ਕੌਂਸਲ ਦੇ ਕਮਰਿਆਂ ਉਤੇ ਕੀਤੇ ਕਬਜ਼ਿਆਂ ਨੂੰ ਹਟਾਇਆ ਤੇ ਉਨ੍ਹਾਂ ਕਮਰਿਆਂ ਨੂੰ ਜ਼ਰੂਰੀ ਕੰਮਾਂ ਲਈ ਵਰਤਣ ਦੀ ਖੁੱਲ੍ਹ ਦਿੱਤੀ। ਉਸ ਨੇ ਉਥੇ ਹੋਣ ਵਾਲੀਆਂ ਦਾਅਵਤਾਂ ਤੇ ਪਾਰਟੀਆਂ ਦੇ ਰੰਗ-ਢੰਗ ਬਦਲ ਦਿੱਤੇ ਤੇ ਉਨ੍ਹਾਂ ਦੀ ਥਾਂ ਉਤੇ ਅਜਿਹੀਆਂ ਦਾਅਵਤਾਂ ਨੂੰ ਆਪਸੀ ਮੇਲ-ਮਿਲਾਪ ਤੇ ਭਾਈਚਾਰੇ ਵਿੱਚ ਬਦਲ ਦਿੱਤਾ। ਉਸ ਨੇ ਗਲਤ ਬੰਦੇ ਤੇ ਕੰਮ ਦਾ ਕਦੇ ਸਾਥ ਨਹੀਂ ਦਿੱਤਾ। ਕਈ ਵੱਡੇ ਸੀਨੀਅਰ ਵਕੀਲ ਉਸ ਦੇ ਵਧਦੇ ਇੱਜ਼ਤ-ਮਾਣ ਤੋਂ ਖ਼ਾਰ ਖਾਂਦੇ, ਪਰ ਉਹ ਉਨ੍ਹਾਂ ਨਾਲ ਬਹੁਤ ਸਲੀਕੇ ਨਾਲ ਨਜਿੱਠਦਾ ਰਿਹਾ। ਉਸ ਨੇ ਕਦੇ ਵੀ ਮਾੜੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਤੇ ਨਾ ਹੀ ਕਦੇ ਲੜਾਈ-ਝਗੜੇ ਵਾਲੇ ਪਾਸੇ ਨੂੰ ਵਰਤਿਆ। ਹਰ ਗੱਲ ਤੇ ਗਲਤਫਹਿਮੀ ਨੂੰ ਉਸ ਨੇ ਆਪਣੇ ਸੀਨੀਅਰਾਂ ਤੇ ਜੂਨੀਅਰਾਂ ਦੇ ਨਾਲ ਮਿਲ-ਬੈਠ ਕੇ ਤੇ ਗੱਲਬਾਤ ਨਾਲ ਸੁਲਝਾਉਣ ਦਾ ਯਤਨ ਕੀਤਾ।

ਉਸ ਦਾ ਬਾਪ ਨਰਦੇਵ ਸਿੰਘ ਦੇਵ ਵੀ ਆਪਣੇ ਵੇਲੇ ਟੀਚਰਜ਼ ਐਸੋਸੀਏਸ਼ਨ ਦਾ ਪ੍ਰਧਾਨ ਰਿਹਾ। ਫਿਰ ਉਹ ਵਕਾਲਤ ਪੜ੍ਹ ਕੇ ਇਸ ਪਾਸੇ ਆ ਗਿਆ। ਸਿਮਰਨਜੀਤ ਨੂੰ ਗਲਤ ਗੱਲ ਨੂੰ ਕਹਿਣ ਤੇ ਲੋਕ-ਭਲਾਈ ਦੇ ਕਾਰਜਾਂ ਲਈ ਵਧ-ਚੜ੍ਹ ਕੇ ਹਿੱਸਾ ਲੈਣ ਦਾ ਗੁਣ ਆਪਣੇ ਪਿਤਾ ਵੱਲੋਂ ਮਿਲਿਆ। ਉਹ ਦੋਵੇਂ ਬਾਪ-ਪੁੱਤਰ ਹਾਈ ਕੋਰਟ ਵਿੱਚ ਕੰਮ ਕਰਦੇ ਤੇ ਨਾਲ-ਨਾਲ ਹੀ ਐਸੋਸੀਏਸ਼ਨ ਵੱਲੋਂ ਜਿਸ ਕਿਸੇ ਹੱਕ ਲਈ ਖੜਾ ਹੋਣਾ ਤੇ ਬੋਲਣਾ ਹੁੰਦਾ, ਉਸ ਲਈ ਬਿਨਾਂ ਕਿਸੇ ਤੋਂ ਡਰ ਕੇ ਤੇ ਡਟ ਕੇ ਬੋਲਦੇ। ਕਿਸੇ ਵੀ ਅਮਲੇ ਨੂੰ ਨਿੱਜੀ ਕੰਮ ਲਈ ਵਰਤਣ ਤੋਂ ਰੋਕਣਾ। ਦਿੱਲੀ ਤੇ ਪਾਕਿਸਤਾਨ ਦੇ ਦੌਰੇ ਉਤੇ ਵੀ ਦੋਵੇਂ ਬਾਪ-ਬੇਟੇ ਬਿਨਾਂ ਕਿਸੇ ਝਿਜਕ ਦੇ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਨਾਵਲ ਰਾਹੀਂ ਲੇਖਕ ਇਹ ਦੱਸਣਾ ਚਾਹੁੰਦਾ ਹੈ ਕਿ ਜੇ ਬੰਦੇ ਦੇ ਅੰਦਰ ਇਮਾਨਦਾਰੀ ਹੋਵੇ, ਉਸ ਦੇ ਇਰਾਦੇ ਚੰਗੇ ਤੇ ਮਜ਼ਬੂਤ ਹੋਣ ਤੇ ਲੋਕ ਹਿੱਤੀ ਨਜ਼ਰੀਆ ਹੋਵੇ ਤਾਂ ਸਾਰੇ ਕੰਮ ਆਸਾਨੀ ਨਾਲ ਹੋ ਸਕਦੇ ਹਨ। ਇਸ ਵਿੱਚ ਪੈਸੇ ਵੱਲੋਂ ਹੇਰ-ਫੇਰ ਤੇ ਕਿਸੇ ਕੰਮ ਦੇ ਸਿਰੇ ਚੜ੍ਹਨ ਵਿੱਚ ਢਿੱਲ ਨਹੀਂ ਪੈ ਸਕਦੀ, ਜੇ ਬੰਦਾ ਆਪਣੇ ਨਿੱਜੀ ਹਿੱਤਾਂ ਤੇ ਸਵਾਰਥਾਂ ਵਿੱਚ ਹੀ ਗ੍ਰੱਸਿਆ ਨਾ ਹੋਵੇ। ਸਾਡਾ ਸਮਾਜ ਤੇ ਸਿਸਟਮ ਇਸੇ ਕਰਕੇ ਨਿਘਾਰ ਵਾਲੇ ਪਾਸੇ ਦਿਨੋਂ-ਦਿਨ ਗਰਕਦਾ ਜਾਂਦਾ ਹੈ ਕਿਉਂਕਿ ਕਿਸੇ ਵੀ ਕਾਰਜ ਵਿੱਚ ਬੰਦਾ ਸਿਰਫ਼ ਆਪਣੇ ਜਿੱਤ, ਆਪਣੇ ਅਹੁਦੇ ਤੇ ਰਸੂਖ਼ ਨੂੰ ਮੁੱਖ ਰੱਖ ਕੇ ਸੋਚਦਾ ਹੈ। ਜਿੱਥੇ ਵੀ ਨਰਦੇਵ ਸਿੰਘ ਤੇ ਸਿਮਰਨਜੀਤ ਸਿੰਘ ਜਿਹੇ ਬੰਦੇ ਹੋਣਗੇ, ਉਥੇ ਸੁਧਾਰ ਹੋਏਗਾ ਹੀ ਹੋਏਗਾ। ਇਹ ਵੀ ਠੀਕ ਹੈ ਕਿ ਸਾਡੇ ਇੱਥੇ ਚੰਗੇ ਕੰਮ ਕਰਨ ਵਾਲੇ ਨੂੰ ਪਿੱਛੇ ਖਿੱਚਣ ਵਾਲੇ ਬਹੁਤ ਹੁੰਦੇ ਹਨ। ਇਕੱਲਾ ਬੰਦਾ ਬਹੁਤੀ ਵਾਰੀ ਕਾਮਯਾਬ ਨਹੀਂ ਹੋ ਸਕਦਾ, ਪਰ ਜੇ ਉਹ ਲਗਾਤਾਰ ਦੂਜਿਆਂ ਨੂੰ ਨਾਲ ਲੈ ਕੇ, ਉਨ੍ਹਾਂ ਦੀ ਭਲਾਈ ਲਈ ਵਧ-ਚੜ੍ਹ ਕੇ ਕੰਮ ਕਰੇਗਾ ਤਾਂ ਉਸ ਨੂੰ ਦੇਰ-ਸਵੇਰ ਸਫਲਤਾ ਜ਼ਰੂਰ ਮਿਲੇਗੀ। ਸਾਡੇ ਸਮਾਜ ਨੂੰ ਇਹੋ ਜਿਹੇ ਬੰਦਿਆਂ ਤੇ ਕਿਰਦਾਰਾਂ ਦੀ ਲੋੜ ਹੈ, ਜਿਨ੍ਹਾਂ ਅੰਦਰ ਆਪਣਾ ਕੋਈ ਖੋਟ ਨਾ ਹੋਵੇ, ਆਪਣਾ ਸਵਾਰਥ ਤੇ ਲਾਲਚ ਮੂਹਰੇ ਨਾ ਹੋਵੇ, ਲਾਪਰਵਾਹ ਨਾ ਹੋਣ, ਉਹੀ ਸਮਾਜ ਤੇ ਜੀਵਨ ਦੇ ਹਰ ਖੇਤਰ ਨੂੰ ਸੁਧਾਰ ਸਕਦੇ ਸਨ।

ਸਾਰੇ ਨਾਵਲ ਵਿੱਚ ਇਕੋ ਹੀ ਵਿਸ਼ਾ ਚੱਲਦਾ ਹੈ, ਸਿਮਰਨਜੀਤ ਦੇ ਨਿੱਜੀ ਜੀਵਨ ਦਾ ਬਸ ਇਹੀ ਹਵਾਲਾ ਦਿੱਤਾ ਗਿਆ ਹੈ ਕਿ ਬਚਪਨ ਵਿੱਚ ਇਹ ਮੁੰਡਾ ਜੰਮ੍ਹਾ ਹੀ ਸੁੱਕਾ ਤੇ ਕਮਜ਼ੋਰ ਜਿਹਾ ਹੱਡੀਆਂ ਦਾ ਢਾਂਚਾ ਹੁੰਦਾ ਸੀ, ਪਰ ਮੁਹਾਲੀ ਆ ਕੇ ਹਵਾ-ਪਾਣੀ ਬਦਲਣ ਨਾਲ ਉਹ ਦਿਨੋਂ-ਦਿਨ ਤੰਦਰੁਸਤ ਹੁੰਦਾ ਗਿਆ। ਜਿਸ ਨੂੰ ਕਦੇ 'ਤੀਲ੍ਹਾ' ਕਹਿ ਕੇ ਛੇੜਿਆ ਜਾਂਦਾ ਜਾਂ ਸਮਝਿਆ ਜਾਂਦਾ ਸੀ, ਪਤਾ ਨਹੀਂ ਸੀ ਕਿ ਜੀਵਨ-ਸੰਗਰਾਮ ਵਿੱਚ ਉਹ ਕਿੰਨਾ ਮਜ਼ਬੂਤ ਤੇ ਦ੍ਰਿੜ੍ਹ ਇਰਾਦੇ ਵਾਲਾ ਸਾਬਤ ਹੋਏਗਾ। ਨਾਵਲ ਵਿੱਚ ਕੋਰਟ ਤੇ ਬਾਰ ਐਸੋਸੀਏਸ਼ਨ ਦੀਆਂ ਕਈ ਸਮੱਸਿਆਵਾਂ ਦੱਸੀਆਂ ਗਈਆਂ ਹਨ, ਜਿਨ੍ਹਾਂ ਬਾਰੇ ਆਮ ਲੋਕਾਂ ਨੂੰ ਪਤਾ ਨਹੀਂ ਹੁੰਦਾ, ਪਰ ਚੰਗਾ ਹੁੰਦਾ ਜੇ ਸਿਮਰਨਜੀਤ ਦੇ ਜੀਵਨ ਤੇ ਚਰਿੱਤਰ ਦੇ ਹੋਰ ਪੱਖਾਂ ਤੇ ਖੇਤਰਾਂ ਨੂੰ ਵੀ ਨਾਲ ਜੋੜਿਆ ਜਾਂਦਾ, ਕਿਉਂਕਿ ਕਿਸੇ ਵੀ ਰਚਨਾ ਵਿੱਚ ਸਭ ਕੁਝ ਚੰਗਾ-ਚੰਗਾ ਤੇ ਸੌਖਿਆਂ ਹੋ ਜਾਣਾ, ਉਸ ਦੀ ਰੌਚਕਤਾ ਨੂੰ ਘੱਟ ਕਰਦਾ ਹੈ।

*ਮੋਬਾ. 98681-82835*

# ਸੱਜਰਾ ਸਾਹਿਤ

## ਰੂਹ ਦੀਆਂ ਤੰਦਾਂ

**(ਮਿੰਨੀ ਕਹਾਣੀ ਸੰਗ੍ਰਹਿ)**
**ਦਰਸ਼ਨ ਸਿੰਘ ਬਰੇਟਾ**
**ਸਫੇ : 96, ਮੁੱਲ : 235 ਰੁਪਏ**
**ਕੇ ਪਬਲੀਕੇਸ਼ਨ, ਬਰੇਟਾ**




ਬਰੇਟਾ ਦੀਆਂ ਮਿੰਨੀ ਕਹਾਣੀਆਂ ਵਰਤਮਾਨ ਸਮੇਂ ਦੇ ਚਲੰਤ ਮਸਲਿਆਂ ਅਤੇ ਮਨੁੱਖੀ ਮਾਨਸਿਕਤਾ ਨੂੰ ਬਾਖ਼ੂਬੀ ਉਭਾਰਦੀਆਂ ਹਨ। ਸਮਾਜ ਵਿੱਚ ਜਿੱਥੇ ਬਹੁਤ ਕੁਝ ਨਕਾਰਾਤਮਕ ਹੋ ਰਿਹਾ ਹੈ, ਉਥੇ 'ਰੂਹ ਦੀਆਂ ਤੰਦਾਂ' ਵੱਲੋਂ ਸਾਰਥਿਕ ਸੁਨੇਹਾ ਦੇਣਾ ਤਪਦੇ ਮਾਰੂਥਲ ਵਿੱਚ ਹਵਾ ਦੇ ਬੁੱਲ੍ਹੇ ਵਾਂਗ ਹੈ। ਇਸ ਲਈ ਲੇਖਕ ਵਧਾਈ ਦਾ ਪਾਤਰ ਹੈ।

**-ਜਗਦੀਸ਼ ਰਾਏ ਕੁਲਰੀਆ**

## ਕਿੱਥੇ ਜਾਵਾਂ ?




**(ਕਾਵਿ ਸੰਗ੍ਰਹਿ)**
**ਸੁਲੋਚਨਾ ਨਾਭਾ**
**ਸਫੇ : 86, ਮੁੱਲ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਕਿੱਥੇ ਜਾਵਾਂ ?
ਕੀ ਕਰਾਂ
ਕਿ ਰੂਹ ਮੇਰੀ ਨੂੰ
ਚੈਨ ਆਏ
ਕਿਸ ਟਾਹਣੀ 'ਤੇ
ਰੱਖਾਂ ਆਲ੍ਹਣਾ
ਕਿੱਥੇ ਬਣਾਵਾਂ ਮੈਂ
ਆਪਣਾ ਘਰ।

# ਪੁਸਤਕ ਰੀਵਿਊ

## ਜੰਗਲੀ ਫੁੱਲ

**(ਕਾਵਿ-ਸੰਗ੍ਰਹਿ)**
**ਸੁਰਿੰਦਰ ਸਿੰਘ ਕੰਗਵੀ**
**ਪੰਨੇ-107, ਮੁੱਲ-150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਯੂਨੀਵਰਸਿਟੀ ਦੇ ਯੂਥ ਫੈਸਟੀਵਲਾਂ ਵਿੱਚ ਪੂਰੀ ਗੰਭੀਰਤਾ ਨਾਲ਼ 'ਕੋਈ ਨਾ ਖ਼ਤ ਸੱਜਣਾਂ ਦਾ ਆਇਆ, ਤੇ ਕਾਗਤਾਂ ਦਾ ਰੁੱਗ ਆ ਗਿਆ' ਗਾਉਣ ਵਾਲ਼ੇ ਸੁਰਿੰਦਰ ਕੰਗਵੀ ਦੇ ਪਲੇਠੇ ਕਾਵਿ-ਸੰਗ੍ਰਹਿ 'ਜੰਗਲੀ ਫੁੱਲ' ਨੇ ਇਸ ਲੋਕ-ਗੀਤ ਦੀ ਤਾਂਘ ਅਤੇ ਸੁਰ ਨੂੰ ਪੂਰਨ ਤੌਰ 'ਤੇ ਸੰਭਾਲ਼ਿਆ ਹੋਇਆ ਹੈ। ਕਵੀ ਦੇ ਮੁਹੱਬਤੀ ਸ਼ਬਦ ਸੁਰੀਲੀ ਤਾਂਘ ਦੀਆਂ ਕੇਵਲ ਖੁਸ਼ਕ ਬਾਤਾਂ ਹੀ ਨਹੀਂ ਪਾਉਂਦੇ, ਉਹ ਸੁਚੇਤ ਉਡਾਰੀ ਦੁਆਰਾ ਮਨੁੱਖ ਨੂੰ ਜੀਵਨ-ਰੁੱਖ ਦੀ ਸਲਾਮਤੀ ਲਈ ਉਤਸ਼ਾਹਿਤ ਵੀ ਕਰਦੇ ਹਨ।




ਮੁਹੱਬਤੀ ਉਤਰਾਅ-ਚੜ੍ਹਾਅ ਦੇ ਦ੍ਰਿਸ਼ਾਂ ਵਿੱਚੋਂ 'ਮੈਂ' ਪਾਤਰ ਨੂੰ ਡਿਗਦਾ-ਢਹਿੰਦਾ ਦੇਖਿਆ ਜਾ ਸਕਦਾ ਹੈ। ਇਹ ਇਸ ਜੀਵਨ ਪੈਂਡੇ ਦਾ ਸੁਭਾਵਿਕ ਵਰਤਾਰਾ ਹੈ, ਪਰ ਕਾਵਿ-ਪਾਤਰ 'ਮੈਂ' ਨਿਰਾਸ਼ਾਵਾਦ ਵਿੱਚ ਨਾ ਆਪ ਡੁੱਬਦਾ ਹੈ, ਨਾ ਹੀ ਕਿਸੇ ਨੂੰ ਡੁਬੋਣ ਲਈ ਉਸ ਦੀ ਉਂਗਲ਼ ਫੜ ਕੇ ਤੁਰਦਾ ਹੈ। ਉਹ ਤਾਂ ਬੁਝ ਚੁੱਕੇ ਦੀਪ ਜਗਾਉਣ ਬਾਰੇ ਫ਼ਿਕਰਮੰਦ ਹੈ।

ਉਪਰੋਕਤ ਪੰਕਤੀਆਂ ਵਿੱਚੋਂ ਉੱਠਦਾ ਹੋਇਆ ਪ੍ਰਸ਼ਨ 'ਮੈਂ' ਪਾਤਰ ਦੇ ਸੁਚੇਤ ਹੋ ਕੇ ਅਗਾਂਹ ਕਦਮ ਪੁੱਟਣ ਦੇ ਯਤਨਾਂ ਦੀ ਸੂਹ ਦਿੰਦਾ ਹੈ। ਇੱਕ ਛਿਣ ਪੈਦਾ ਹੋਈ ਨਿਰਾਸ਼ਾ ਦੀ ਲਾਟ ਝੱਟ ਹੀ ਆਸ਼ਾਵਾਦ ਦੀ ਜੋਤ ਵਿੱਚ ਤਬਦੀਲ ਹੋ ਜਾਂਦੀ ਹੈ-

ਸਾਰੇ ਸੰਗ੍ਰਹਿ ਦੀ ਉੱਭਰਵੀਂ ਸੁਰ ਦੀ ਨਬਜ਼ ਟੋਹ ਕੇ ਡਾ. ਕਰਮਜੀਤ ਸਿੰਘ ਨੇ ਕੰਗਵੀ ਨੂੰ 'ਹਿਜਰਾਂ ਦੀ ਅੱਗ ਦਾ ਕਵੀ' ਠੀਕ ਹੀ ਕਿਹਾ ਹੈ, ਪਰ ਗ਼ਜ਼ਲਾਂ, ਕਵਿਤਾਵਾਂ ਤੇ ਗੀਤਾਂ ਦਾ ਸਮੁੱਚਾ ਅਧਿਐਨ ਦਰਸਾਉਂਦਾ ਹੈ ਕਿ ਉਹ ਸਮਾਜਿਕ, ਰਾਜਨੀਤਕ ਕੁਟਿਲ-ਚਾਲ ਦੀ ਨਿਸ਼ਾਨਦੇਹੀ ਕਰਦਿਆਂ ਕੁਟਿਲ ਚਾਲ ਨੂੰ ਰੋਕ ਕੇ ਬਦਲਾਓ ਲਿਆਉਣ ਦੀ ਦਿਸ਼ਾ ਵਿੱਚ ਵੀ ਅਗਰਸਰ ਹੁੰਦਾ ਹੈ।

ਮੁਹੱਬਤ ਦਾ ਸੁਖਾਂਤਕ/ਦੁਖਾਂਤਕ ਹੋ ਜਾਣਾ ਮੁੱਖ ਤੌਰ 'ਤੇ ਸਮਾਜਿਕ ਤਾਣੇ-ਬਾਣੇ 'ਤੇ ਨਿਰਭਰ ਕਰਦਾ ਹੈ। ਮੁਹੱਬਤ ਦੇ ਦੁਖਾਂਤ ਤੋਂ ਭਲੀ-ਭਾਂਤ ਜਾਣੂ ਹੋਣ ਦੇ ਨਾਲ਼-ਨਾਲ਼ ਕਵੀ ਦੁਖਾਂਤ ਦੇ ਮੂਲ ਕਾਰਨਾਂ ਨੂੰ ਵੀ ਧਰਾਤਲ 'ਤੇ ਲਿਆਉਂਦਾ ਹੈ-

ਭਾਰਤੀ ਪਰੰਪਰਕ ਕੰਧਾਂ ਦਾ ਟੁੱਟਣਾ ਲਾਜ਼ਮੀ ਹੈ, ਨਹੀਂ ਤਾਂ ਸਮੁੱਚਾ ਵਿਕਾਸ ਕਾਗ਼ਜ਼ਾਂ ਵਿੱਚ ਘੁੱਟ ਹੋਇਆ ਹੀ ਦਮ ਤੋੜ ਜਾਏਗਾ। ਕਸੂਤੀ ਭਾਰਤੀ ਅਵਸਥਾ ਨੂੰ ਰੁਕ ਸਿਰ ਕਰਨ ਲਈ ਕਵੀ ਅਵੇਸਲੇ ਮਨੁੱਖ ਨੂੰ ਮਹਿਕਾਂ ਭਰੀ ਬਹਾਰ ਦੀ ਸਥਾਪਤੀ ਲਈ ਨਵਾਂ ਮਾਰਗ ਸਿਰਜਣ ਲਈ ਅਵਾਜ਼ ਮਾਰਦਿਆਂ ਸੱਤਾ ਦੇ ਜ਼ੁਲਮਾਂ ਪ੍ਰਤੀ ਸੁਚੇਤ ਵੀ ਕਰ ਰਿਹਾ ਹੈ।

ਕਵੀ ਸਮਕਾਲੀ ਕੁਟਿਲ ਪੱਥਰ ਮਨ ਵਾਲ਼ੀ ਸੱਤਾ ਅੱਗੇ ਸੁਆਲ ਖੜ੍ਹਾ ਕਰਨ ਲਈ ਇਤਿਹਾਸਕ/ਮਿਥਿਹਾਸਕ ਧਰਾਤਲ 'ਤੇ ਖੜੋ ਕੇ ਸਿੱਧਾ ਮੁਖ਼ਾਤਬ ਹੁੰਦਾ ਹੈ। ਪਾਠਕ ਨੂੰ ਕਿਸੇ ਪ੍ਰਕਾਰ ਦੀ ਦੁਬਿਧਾ ਵਿੱਚ ਨਾ ਰੱਖ ਕੇ ਉਹ ਆਪਣੇ ਇਸ਼ਾਰੇ ਦਾ ਸਪੱਸ਼ਟ ਬਿੰਬ ਉਭਾਰਦਾ ਹੈ। ਸਮਕਾਲ ਵਿੱਚ ਔਰਤ ਦੀ ਬੇਪੱਤ ਪ੍ਰਸਥਿਤੀ ਪੇਸ਼ ਕਰਦਿਆਂ ਦਰੋਪਦੀ ਦਾ ਹਵਾਲਾ ਦੇ ਕੇ ਸੱਤਾ 'ਤੇ ਕਾਬਜ਼ ਗੱਠਜੋੜ, ਕੌਰਵਾਂ ਅਤੇ ਉਨ੍ਹਾਂ ਦੇ ਗੁਰੂਆਂ ਦੇ ਸੁਭਾਅ ਦੀ ਸਮਾਨਤਾ ਦਰਸਾਅ ਕੇ ਕਵੀ ਔਰਤ ਦੇ ਸ਼ੋਸ਼ਣ ਦੇ ਵਿਰੁੱਧ ਅਵਾਜ਼ ਬੁਲੰਦ ਕਰਦਾ ਹੈ।

ਕੰਗਵੀ ਸੁੱਘੜ-ਸਿਆਣਾ, ਜੁਝਾਰੂ ਤਬੀਅਤ ਦਾ ਮਾਲਕ ਹੋਣ ਕਰਕੇ ਸ਼ਬਦਾਂ ਦੁਆਰਾ ਪਾਠਕ ਨੂੰ ਵੀ ਹਰ ਪ੍ਰਤੀਕੂਲ ਅਵਸਥਾ ਦਾ ਮੁਕਾਬਲਾ ਕਰਨ ਲਈ ਪ੍ਰੇਰਦਾ ਹੈ। ਉਸ ਨੂੰ ਫਿਕਰਮੰਦੀ ਜਾਂ ਉਦਾਸੀ ਦੇ ਖੂਹ ਵਿੱਚ ਡੁੱਬਣੋਂ ਬਚਾਉਣ ਲਈ ਉਹ ਸਪੱਸ਼ਟ ਐਲਾਨ ਕਰਦਾ ਹੈ।


ਵਿਸ਼ਾ-ਵਸਤੂ ਤੇ ਕਾਵਿ-ਸ਼ੈਲੀ ਦੇ ਪੱਖ ਤੋਂ ਸੁਰਿੰਦਰ ਕੰਗਵੀ ਦਾ ਇਹ ਕਾਵਿ-ਸੰਗ੍ਰਹਿ ਨਵੇਂ ਪਾਠਕ ਪੈਦਾ ਕਰਨ ਦੀ ਯੋਗਤਾ ਰੱਖਦਾ ਹੈ। ਇਸ ਵਿੱਚ ਪ੍ਰੀਤ-ਜੁਦਾਈ ਦੇ ਅੱਥਰੂ ਸੁਭਾਵਿਕ ਨੇ, ਬਨਾਉਟੀ ਨਹੀਂ। ਕਵੀ ਇਸ ਅਵਸਥਾ ਵਿੱਚੋਂ ਜੇਤੂ ਹੋ ਕੇ ਸਮਾਜ ਦੇ ਹਰ ਕੁਟਿਲ ਵਰਤਾਰੇ 'ਤੇ ਧਿਆਨ ਕੇਂਦਰਤ ਕਰਕੇ ਉਸਾਰੂ ਸੰਦੇਸ਼ ਦਿੰਦਾ ਹੈ। ਇਸ ਸੰਗ੍ਰਹਿ ਦੀਆਂ 26 ਗ਼ਜ਼ਲਾਂ, 27 ਗੀਤਾਂ ਅਤੇ 17 ਕਵਿਤਾਵਾਂ ਰਾਜਨੀਤੀ, ਧਰਮ, ਨੌਕਰੀ, ਮੁਹੱਬਤ, ਸਮਾਜਿਕ ਜ਼ਿੰਦਗੀ ਅਤੇ ਅਨੇਕਾਂ ਹੋਰ ਵਿਸ਼ਿਆਂ ਦੀ ਨਿਵੇਕਲ਼ੀ ਕਾਵਿਕ ਪੇਸ਼ਕਾਰੀ ਦੇ ਨਾਲ਼-ਨਾਲ਼ ਕਵੀ ਦੀ ਊਰਜਾ ਭਰਪੂਰ ਉਸਾਰੂ ਕਾਵਿ-ਦ੍ਰਿਸ਼ਟੀ ਦਾ ਦੀਦਾਰ ਵੀ ਕਰਾਉਂਦੀਆਂ ਹਨ। ਬੇਸ਼ੱਕ ਇਹ ਮਨਮੋਹਕ ਕਾਵਿ-ਕਿਤਾਬ ਹਰ ਮਨ ਮੋਹ ਲੈਣ ਦੀ ਯੋਗਤਾ ਰੱਖਦੀ ਹੈ।

**— ਨਵਤੇਜ ਗੜ੍ਹਦੀਵਾਲ਼ਾ**

## ਮਿੰਟੂ ਦੀ ਸਿਆਣਪ

**(ਬਾਲ ਕਹਾਣੀਆਂ)**
**ਇਕਬਾਲ ਸਿੰਘ**
**ਸਫੇ : 86, ਮੁੱਲ : 150 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਕਿਸੇ ਵੀ ਭਾਸ਼ਾ ਦੇ ਸਾਹਿਤ ਦੀ ਸਾਰਥਿਕਤਾ ਉਦੋਂ ਮੰਨੀ ਜਾਂਦੀ ਹੈ ਜਦੋਂ ਉਸ ਭਾਸ਼ਾ ਦਾ ਸਾਹਿਤ ਬਾਲ ਮਨਾਂ ਦੀ ਮਾਨਸਿਕਤਾ ਦੀ ਗੱਲ ਕਰਦਾ ਹੈ। ਇਸ ਵਿੱਚ ਕੋਈ ਅੱਤਕਥਨੀ ਨਹੀਂ ਕਿ ਬੱਚੇ ਕਿਸੇ ਵੀ ਰਾਸ਼ਟਰ ਦੇ ਭਵਿੱਖਤ ਨਿਰਮਾਤਾ ਹੁੰਦੇ ਹਨ। ਜੇ ਪੰਜਾਬੀ ਸਾਹਿਤ ਦੀ ਗੱਲ ਕਰੀਏ ਤਾਂ ਬਾਲ ਸਾਹਿਤ ਲਿਖਣ ਵਾਲੇ ਲੇਖਕਾਂ ਦੀ ਗਿਣਤੀ ਔਸਤ ਤੋਂ ਘੱਟ ਹੈ। ਪਰ ਜੋ ਲੇਖਕ ਬਾਲ ਸਾਹਿਤ ਲਿਖ ਰਹੇ ਹਨ ਉਹਨਾਂ ਦੀਆਂ ਰਚਨਾਵਾਂ ਤਸੱਲੀਬਖਸ਼ ਹਨ। ਇਸੇ ਵਿਚਾਰ ਲੜੀ ਦੀ ਪਰੋੜਤਾ ਨੂੰ ਅੱਗੇ ਤੋਰਦੀ ਹੈ ਮਿੰਟੂ ਦੀ ਸਿਆਣਪ (ਕਹਾਣੀ ਸੰਗ੍ਰਹਿ ) ਬਾਲ ਲੇਖਕ -ਇਕਬਾਲ ਸਿੰਘ ਦੀ ਬਾਲ ਕਹਾਣੀਆਂ ਦੀ ਪੁਸਤਕ । ਇਸ ਕਹਾਣੀ ਸੰਗ੍ਰਹਿ ਵਿੱਚ 16 ਕਹਾਣੀਆ ਸ਼ਾਮਿਲ ਹਨ। ਹਰ ਕਹਾਣੀ ਵਿੱਚ ਲੇਖਕ ਨੇ ਬਾਲ ਮਨੋਵਿਗਿਆਨ ਦੀ ਗੱਲ ਕੀਤੀ ਹੈ। ਕਹਾਣੀ 'ਅੱਖਰਾਂ ਦੀ ਸੈਰ' ਵਿੱਚ ਲੇਖਕ ਬਚਪਨ ਵਿੱਚ ਬੱਚੇ ਦੇ ਮਾਤ ਭਾਸ਼ਾ ਸਿੱਖਣ ਦੇ ਨਾਲ ਨਾਲ ਬਾਕੀ ਦੀਆਂ ਭਾਸ਼ਾਵਾਂ ਸਿੱਖਣ ਨੂੰ ਵੀ ਤਰਜੀਹ ਦਿੱਤੀ ਹੈ। ਖੂਹ ਦਾ ਡੱਡੂ ਕਹਾਣੀ ਵਿੱਚ ਬੱਚਿਆਂ ਨੂੰ ਹਰ ਚੁਣੌਤੀ ਦਾ ਸਾਹਮਣਾ ਕਰਨਾ ਸਿਖਾਉਣਾ ਲੇਖਕ ਦਾ ਇੱਕ ਵਧੀਆ ਪੱਖ ਜ਼ਾਹਿਰ ਕਰਦਾ ਹੈ। ਬਾਤਾਂ ਦੀ ਤਰ੍ਹਾਂ ਇਹ ਬਾਲ ਕਹਾਣੀਆਂ ਵੀ ਬੱਚੇ ਵਿੱਚ ਆਪੇ ਨੂੰ ਪਰਖਣ ਅਤੇ ਸਹੀ ਫੈਸਲੇ ਲੈਣ ਵਰਗੇ ਗੁਣ ਪੈਦਾ ਕਰਦੀਆਂ ਹਨ। ਤਿੰਨ ਕੋ ਦਹਾਕੇ ਪਹਿਲਾਂ ਬੱਚੇ ਆਪਣੇ ਪੁਰਾਣੇ ਬਜ਼ੁਰਗਾਂ ਦਾਦਾ ਦਾਦੀ, ਨਾਨਾ ਨਾਨੀ ਤੋਂ ਬਾਤਾਂ ਸੁਣਿਆ ਕਰਦੇ ਸਨ। ਉਹਨਾਂ ਬਾਤਾਂ ਦਾ ਮਕਸਦ ਹੁੰਦਾ ਸੀ ਬੱਚੇ ਨੂੰ ਭਵਿੱਖ ਵਿੱਚ ਆਉਣ ਵਾਲੀਆਂ ਮੁਸੀਬਤਾਂ ਤੋਂ ਜਾਣੂ ਕਰਵਾਉਣਾ , ਇਤਹਾਸ ਦੇ ਗੌਰਮਈ ਪੱਖ ਨੂੰ ਉਜਾਗਰ ਕਰਨਾ, ਉਹਨਾਂ ਦਾ ਸਿਆਣਪ ਅਤੇ ਦਲੇਰੀ ਨਾਲ ਮੁਕਾਬਲਾ ਕਰਨਾ। ਬਾਲ ਮਨ ਨੂੰ ਵਾਤਾਵਰਨ ਪ੍ਰਤੀ ਸਾਰਥਕ ਸੋਚ ਰੱਖਣਾ, ਜਾਨਵਰਾਂ ,ਪਸ਼ੂ ਪੰਛੀਆਂ ਪ੍ਰਤੀ ਸਨੇਹ ਪੈਦਾ ਕਰਨਾ ਹੁੰਦਾ ਸੀ। ਇਹਨਾਂ ਬਾਤਾਂ ਦੇ ਰਾਹੀਂ ਬੱਚਿਆਂ ਨੂੰ ਅਨੁਸ਼ਾਸਨ ਵਿੱਚ ਰਹਿਣਾ, ਨਿਮਰਤਾ ਨਾਲ ਬੋਲਣਾ, ਬੱਚਿਆਂ ਵਿੱਚ ਚੰਗੇ ਗੁਣ ਪੈਦਾ ਕਰਨਾ , ਬੁਰਾਈਆਂ ਤੋਂ ਦੂਰ ਰਹਿਣਾ , ਨੈਤਿਕ ਗੁਣਾਂ ਦਾ ਇੱਕ ਪੀੜੀ ਦਾ ਦੂਜੀ ਪੀੜੀ ਤੱਕ ਸੰਚਾਰ ਕਰਨਾ ਆਦਿ ਸਿਖਾਇਆ ਜਾਂਦਾ ਸੀ। ਮੌਜੂਦਾ ਚੱਲ ਰਹੇ ਤਕਨੀਕੀ ਯੁਗ ਵਿੱਚ ਲੇਖਕ ਇਕਬਾਲ ਸਿੰਘ ਦੀ 'ਮਿੰਟੂ ਦੀ ਸਿਆਣਪ' (ਬਾਲ ਕਹਾਣੀਆਂ ) ਦੀ ਕਿਤਾਬ, ਬਾਲ ਮਨੋਵਿਗਿਆਨ ਦੀ ਗੱਲ ਕਰਨ ਦੇ ਨਾਲ ਨਾਲ ਬੱਚਿਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਦਾ ਵੀ ਨਰੋਆ ਸੁਨੇਹਾ ਦਿੰਦੀ ਹੈ। ਇਸ ਪੁਸਤਕ ਦੇ ਵਿੱਚ ਬਹੁਤੀਆਂ ਕਹਾਣੀਆਂ ਬਾਲ ਮਨਾ ਅੰਦਰ ਤਰਕਵਾਦੀ ਅਤੇ ਵਿਗਿਆਨਿਕ ਸੋਚ ਦੀ ਵੀ ਗੱਲ ਕਰਦੀਆਂ ਹਨ। ਕੁਝ ਕਹਾਣੀਆਂ ਵਾਤਾਵਰਨ ਵਿੱਚ ਆ ਰਹੇ ਵਿਗਾੜ ਦੀ ਸਮੱਸਿਆ ਨੂੰ ਵੀ ਰੂਪਮਾਨ ਕਰਦੀਆਂ ਹਨ, ਤਾਂ ਕਿ ਬੱਚੇ ਵਾਤਾਵਰਨ ਦੀ ਸੰਭਾਲ ਕਰ ਸਕਣ। ਲੇਖਕ ਨੇ ਕਹਾਣੀਆਂ ਵਿੱਚ ਆਧੁਨਿਕਤਾ ਨੂੰ ਮੋਹਰੀ ਰੱਖਿਆ ਹੈ ਤਾਂ ਕਿ ਬੱਚੇ ਜਿਸ ਦੌਰ ਵਿੱਚੋਂ ਗੁਜ਼ਰ ਰਹੇ ਹਨ ਉਸ ਸਮੇਂ ਦੀਆਂ ਸਮੱਸਿਆਵਾਂ ਤੋਂ ਜਾਣੂ ਵੀ ਹੋ ਜਾਣ। ਕਹਾਣੀਆਂ ਵਿਚਲੀ ਭਾਸ਼ਾ ਲੇਖਕ ਨੇ ਬੇਹੱਦ ਸਰਲ ਅਤੇ ਬਾਲ ਮਨੋਵਿਗਿਆਨ ਨੂੰ ਧਿਆਨ ਵਿੱਚ ਰੱਖ ਕੇ ਵਰਤੀ ਹੈ। ਕਹਾਣੀਆਂ ਵਿਚਲੀ ਰੌਚਕਤਾ ਬੱਚਿਆਂ ਨੂੰ ਆਪਣੇ ਨਾਲ ਬਾਖੂਬੀ ਜੋੜ ਕੇ ਰੱਖੇਗੀ। ਇਸ ਵਿੱਚ ਲੇਖਕ ਦੀ ਖ਼ਾਸੀਅਤ ਇਹ ਝਲਕਦੀ ਹੈ ਕਿ ਲੇਖਕ ਨਿਰੋਲ ਬਾਲ ਮਨੋਵਿਗਿਆਨ ਦੀ ਗੱਲ ਹੀ ਕਰਦਾ ਹੈ ਅਤੇ ਨਿਰੋਲ ਬਾਲ ਸਾਹਿਤਕਾਰ ਹੈ। ਹਰ ਕਹਾਣੀ ਆਪਣਾ ਇੱਕ ਸਾਰਥਿਕ ਸੁਨੇਹਾ ਬੱਚਿਆਂ ਨੂੰ ਦਿੰਦੀ ਹੈ, ਉਹ ਚਾਹੇ ਮੁੱਖੜਾ ਕਹਾਣੀ 'ਮਿੰਟੂ ਦੀ ਸਿਆਣਪ, ਹੋਵੇ ਜਾਂ ਇਮਾਨਦਾਰੀ , ਸਮਝੌਤਾ ਚਿੜੀ ਦੀ ਸੈਰ, ਕੋਇਲ ਦੀ ਸਮਝ, ਸਮਝਦਾਰ ਹਾਥੀ ਆਦਿ ਕਹਾਣੀਆਂ ਹੋਣ। ਸਥਾਨ ਚਿਤਰਣ ਅਤੇ ਕੁਦਰਤ ਨਾਲ ਇੱਕਮਿਕਤਾ ਇਹਨਾਂ ਕਹਾਣੀਆਂ ਦੀ ਆਪਣੀ ਖੂਬਸੂਰਤੀ ਹੈ। ਲੇਖਕ ਦੀ ਲਿਖਣ ਸ਼ੈਲੀ ਬਾਲ ਮਨ ਨੂੰ ਪੜ੍ਹਨ ਦੀ ਪਰੋੜਤਾ ਵੱਲ ਲੈ ਤੁਰਦੀ ਹੈ।




**- ਅੰਮ੍ਰਿਤਪਾਲ ਕਲੇਰ**

## ਸਮਕਾਲੀ ਪੰਜਾਬੀ ਕਵਿਤਾ

**ਸੰਦਰਭ ਅਤੇ ਸਮੀਖਿਆ**
**ਮੁੱਖ ਸੰਪਾਦਕ : ਹਰਮੇਲ ਸਿੰਘ**
**ਸਹਿ-ਸੰਪਾਦਕ : ਬਲਵਿੰਦਰ ਸਿੰਘ ਚਹਿਲ**
**ਸਫੇ : 240, ਮੁੱਲ : 250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




ਇਸ ਪੁਸਤਕ ਵਿੱਚ ਸ਼ਾਮਲ ਖੋਜ ਪੱਤਰ ਸਮਕਾਲੀ ਪੰਜਾਬੀ ਕਵਿਤਾ ਦੇ ਕਾਵਿ ਉਚਾਰਾਂ, ਇਨ੍ਹਾਂ ਦੇ ਸੰਦਰਭਾਂ, ਪ੍ਰਮੁੱਖ ਰੁਝਾਨਾ ਅਤੇ ਇਸ ਵਿੱਚ ਆ ਰਹੇ ਮਹੀਨ ਪਰਿਵਰਤਨਾਂ ਦੀ ਦੱਸ ਪਾਉਂਦਾ ਹਨ। ਇਹ ਪੁਸਤਕ ਪੰਜਾਬੀ ਕਵਿਤਾ ਦੀ ਪੂਰਵਲੀ ਪੜ੍ਹਤ ਦੁਆਰਾ ਸਿਰਜਤ ਕਈ ਭਰਮਾਊ ਮਿੱਥਾਂ ਨੂੰ ਤੋੜਦੀ ਹੈ। ਅਸੀਂ ਇਸ ਪੁਸਤਕ ਬਾਬਤ ਸੁਜੱਗ ਪਾਠਕਾਂ ਅਤੇ ਵਿਦਵਾਨ ਆਲੋਚਨਾਂ ਦੇ ਸਾਰਥਿਕ ਹੁੰਗਾਰੇ ਦੀ ਤਵੱਕੋ ਕਰਦੇ ਹਾਂ।

**-ਹਰਮੇਲ ਸਿੰਘ, ਬਲਵਿੰਦਰ ਸਿੰਘ ਚਹਿਲ**

## ਮੌਜੂਦਾ ਸਮੇਂ ਦਾ ਸੱਚ




**(ਲੇਖ ਸੰਗ੍ਰਹਿ)**
**ਜਸਵੰਤ ਜ਼ੀਰਖ**
**ਸਫੇ : 93, ਮੁੱਲ : 125 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਜਸਵੰਤ ਜ਼ੀਰਖ ਇੱਕ ਸੰਜੀਦਾ ਤੇ ਸੁਹਰਦ, ਜਮਹੂਰੀ ਹੱਕਾਂ ਦਾ ਤੇ ਤਕਸ਼ੀਲਤਾ ਦਾ ਕਾਰਕੁੰਨ ਹੈ। ਵਕਤ-ਵਕਤ 'ਤੇ ਲਿਖੇ ਗਏ ਲੇਖਾਂ ਦੇ ਇਸ ਸੰਗ੍ਰਹਿ ਦਾ ਸੂਤਰ ਲੋਕਾਂ ਨੂੰ ਚੇਤਨ ਕਰਕੇ ਆਪਣੀ ਹੋਣੀ ਦਾ ਆਪ ਮਾਲਕ ਬਣਨ ਵੱਲ ਸੇਧਤ ਹੈ। ਇਹ ਉਦਮ ਸ਼ਲਾਘਾਯੋਗ ਤਾਂ ਹੈ ਹੀ ਪਰ ਅੱਜ ਦੇ ਸਮੇਂ ਵਿੱਚ ਅਹਿਮ ਵੀ ਹੈ। ਆਸ ਹੈ ਕਿ ਜਸਵੰਤ ਦੇ ਇਹ ਲੇਖ ਪਾਠਕਾਂ ਦੀ ਸੋਚ ਵਿਚਾਰ ਕਰਨ ਤੇ ਐਕਸ਼ਨ ਪਲੈਨ ਕਰਨ ਵਿੱਚ ਸਹਾਈ ਹੋਣਗੇ।

**- ਜਸਵੰਤ ਜ਼ੀਰਖ**

16-March-Sunday.qxd 3/15/2025 11:19 PM Page 6



# ਪੰਜਾਬੀ ਦਲਿਤ ਸਾਹਿਤ ਚੇਤਨਾ ਤੇ ਚਿੰਤਨ 'ਤੇ ਰਾਸ਼ਟਰੀ ਸੈਮੀਨਾਰ

**ਚੰਡੀਗੜ੍ਹ**-ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵੱਲੋਂ ਪੰਜਾਬ ਕਲਾ ਪਰਿਸ਼ਦ ਦੇ ਸਹਿਯੋਗ ਨਾਲ 'ਪੰਜਾਬੀ ਦਲਿਤ ਸਾਹਿਤ ਚੇਤਨਾ ਤੇ ਚਿੰਤਨ' 'ਤੇ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਉਦਘਾਟਨ ਉਪਰੰਤ ਵਿਭਾਗ ਦੇ ਮੁਖੀ ਡਾ. ਯੋਗਰਾਜ ਨੇ ਮਹਿਮਾਨ ਸ਼ਖ਼ਸੀਅਤਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਸ ਸੈਮੀਨਾਰ ਦੀ ਸਾਰਥਿਕਤਾ ਅਜੋਕੇ ਸਮੇਂ ਵਿੱਚ ਬਹੁਤ ਹੈ, ਕਿਉਂਕਿ ਦਲਿਤ ਸਾਹਿਤ ਚਿੰਤਨ ਦੇ ਮਾਧਿਅਮ ਨਾਲ ਪੰਜਾਬ ਦੇ ਵਿਭਿੰਨ ਮੁੱਦਿਆਂ ਉੱਤੇ ਸੰਵਾਦ ਰਚਾਉਣਾ ਇਸ ਸੈਮੀਨਾਰ ਦਾ ਪ੍ਰਮੁੱਖ ਉਦੇਸ਼ ਹੈ। ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ ਨੇ ਕਿਹਾ ਕਿ ਭਾਵੇਂ ਅਜੋਕੇ ਸਮੇਂ ਵਿੱਚ ਪੰਜਾਬ ਦੀ ਸਥਿਤੀ ਚਿੰਤਾਜਨਕ ਹੈ, ਪ੍ਰੰਤੂ ਅਜਿਹੇ ਸੈਮੀਨਾਰ ਦੇ ਨਾਲ ਨਵੀਂ ਉਮੀਦ ਕੀਤੀ ਜਾ ਸਕਦੀ ਹੈ। ਪੰਜਾਬੀ ਦੇ ਪ੍ਰਮੁੱਖ ਚਿੰਤਕ ਡਾ. ਸਵਰਾਜਬੀਰ ਨੇ ਦਲਿਤ, ਅਛੂਤ ਅਤੇ ਸ਼ੂਦਰ ਸ਼ਬਦਾਂ ਦੀ ਪਰੰਪਰਾ ਅਤੇ ਇਤਿਹਾਸ ਦੇ ਸੰਬੰਧ ਵਿੱਚ ਅੰਬੇਡਕਰ ਦੇ ਚਿੰਤਨ ਦੀ ਗੱਲ ਕੀਤੀ। ਉਨ੍ਹਾਂ ਮੰਗੂ ਰਾਮ ਮੁੱਗੋਵਾਲੀਆ ਦੀ ਆਦਿ ਧਰਮ ਦੀ ਲਹਿਰ ਦੇ ਪ੍ਰਸੰਗ ਵਿੱਚ ਦਲਿਤ ਚੇਤਨਾ ਸੰਬੰਧੀ ਆਪਣੀਆਂ ਮੁੱਲਵਾਨ ਧਾਰਨਾਵਾਂ ਪੇਸ਼ ਕੀਤੀਆਂ। ਅਮਰਜੀਤ ਗਰੇਵਾਲ ਨੇ ਕਿਹਾ ਕਿ ਪੰਜਾਬ ਦੇ ਇਸ ਕਿਸਮ ਦੇ ਮੁੱਦਿਆਂ ਉੱਤੇ ਚਿੰਤਨ ਮੰਥਨ ਕਰਦਿਆਂ ਨੌਜਵਾਨਾਂ ਦੇ ਮੁੱਦਿਆਂ ਨੂੰ ਵੀ ਸਮਝਣਾ ਚਾਹੀਦਾ ਹੈ। ਡਾ. ਜਸਵਿੰਦਰ ਸਿੰਘ ਨੇ ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਸਾਹਿਤ ਸਾਨੂੰ ਸਾਹ ਲੈਣਾ ਤੇ ਚੰਗਾ ਇਨਸਾਨ ਬਣਨਾ ਸਿਖਾਉਂਦਾ ਹੈ। ਸਮਾਜ ਦੇ ਸਾਰੇ ਮੁੱਦਿਆਂ ਦਾ ਹੱਲ ਮਨੁੱਖ ਦੀ ਅੰਦਰੂਨੀ ਸੰਵੇਦਨਾ ਦੇ



ਮਾਧਿਅਮ ਨਾਲ ਸੰਭਵ ਹੈ। ਮੰਚ ਸੰਚਾਲਨ ਕਰਦੇ ਹੋਏ ਸੈਮੀਨਾਰ ਕਨਵੀਨਰ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਜਦੋਂ-ਜਦੋਂ ਵੀ ਦਲਿਤ ਸਾਹਿਤ ਤੇ ਚਿੰਤਨ ਦੀ ਗੱਲ ਤੁਰਦੀ ਹੈ, ਬਹੁਤ ਸਾਰੀਆਂ ਵਾਦ-ਵਿਵਾਦ ਵਾਲੀਆਂ ਗੱਲਾਂ ਵੀ ਉੱਠਦੀਆਂ ਰਹੀਆਂ ਹਨ ਕਿ ਦਲਿਤ ਸਾਹਿਤ ਦੀ ਗੱਲ ਕਰਨਾ ਜਾਤ-ਪਾਤ ਦੀ ਗੱਲ ਕਰਨਾ ਹੈ। ਸੋ ਇਸ ਸੈਮੀਨਾਰ ਦਾ ਮਕਸਦ ਵਾਦ-ਵਿਵਾਦ ਤੋਂ ਉਤਪੰਨ ਹੋਏ ਧੁੰਦਲਕੇ ਨੂੰ ਦੂਰ ਕਰਨਾ ਵੀ ਹੈ। ਅਗਲੇ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਪੰਜਾਬ ਯੂਨੀਵਰਸਿਟੀ ਰਾਜਨੀਤੀ ਸ਼ਾਸ਼ਤਰ ਵਿਭਾਗ ਦੇ ਡਾ. ਰੌਣਕੀ ਰਾਮ ਨੇ ਕੀਤੀ। ਉਨ੍ਹਾਂ ਆਪਣੇ ਭਾਸ਼ਣ ਵਿੱਚ ਬੁਲਾਰਿਆਂ ਦੀਆਂ ਧਾਰਨਾਵਾਂ 'ਤੇ ਆਪਣੀਆਂ ਟਿੱਪਣੀਆਂ ਦਿੱਤੀਆਂ। ਅੱਗੇ ਉਨ੍ਹਾਂ ਪੱਛਮੀ ਚਿੰਤਕਾਂ ਦੀਆਂ ਕਿਤਾਬਾਂ ਦੇ ਹਵਾਲਿਆਂ ਨਾਲ ਆਪਣੀਆਂ ਧਾਰਨਾਵਾਂ ਦੇਣ ਵਾਲੇ ਚਿੰਤਕਾਂ 'ਤੇ ਸਵਾਲ ਵੀ ਕੀਤੇ। ਡਾ. ਅਵਤਾਰ ਸਿੰਘ ਨੇ 'ਗੁਰਮਤਿ ਕਾਵਿ ਅਤੇ ਦਲਿਤ ਸਰੋਕਾਰ' ਬਾਰੇ ਬੋਲਦਿਆਂ ਕਿਹਾ ਕਿ ਗੁਰਬਾਣੀ ਸਾਡੇ ਵਿੱਚ ਰੋਟੀ ਦੀ ਸਾਂਝ ਤਾਂ ਪਾਉਂਦੀ ਹੈ, ਪਰ ਬੇਟੀ ਦੀ ਸਾਂਝ ਨਹੀਂ। ਉਨ੍ਹਾਂ ਅਨੇਕਾਂ ਹਵਾਲਿਆਂ ਰਾਹੀਂ ਰਹਿਤ ਮਰਿਯਾਦਾ ਬਾਰੇ ਵੀ ਆਪਣੀਆਂ ਧਾਰਨਾਵਾਂ ਪੇਸ਼ ਕੀਤੀਆਂ। ਡਾ. ਸੁਰਜੀਤ ਸਿੰਘ ਨੇ 'ਮੱਧਕਾਲ ਅਤੇ ਦਲਿਤ ਚੇਤਨਾ' ਤਹਿਤ ਮੁਗਲ ਕਾਲ ਸਮੇਂ ਰਹਿ ਗਏ ਖੱਪਿਆਂ ਦੀ ਗੱਲ ਕੀਤੀ। ਡਾ. ਪਰਵੀਨ ਕੁਮਾਰ ਨੇ 'ਹਾਸ਼ੀਆਗਤ ਲੋਕਾਈ ਦਾ ਚਿੰਤਨ-ਮਾਡਲ' ਪੱਛਮੀ ਚਿੰਤਕਾਂ ਦੇ ਹਵਾਲਿਆਂ ਰਾਹੀਂ ਸਮਝਾਉਣ ਦਾ ਯਤਨ ਕੀਤਾ। ਇਸ ਸੈਸ਼ਨ ਦਾ ਸੰਚਾਲਨ ਡਾ. ਪਰਮਜੀਤ ਕੌਰ ਸਿੱਧੂ ਨੇ ਕੀਤਾ। ਅਗਲੇ ਸੈਸ਼ਨ ਦੀ ਪ੍ਰਧਾਨਗੀ ਪੰਜਾਬ ਯੂਨੀਵਰਸਿਟੀ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਅਕਸ਼ੈ ਕੁਮਾਰ ਨੇ ਕਰਦਿਆਂ ਕਿਹਾ ਕਿ ਪੰਜਾਬੀ ਵਿੱਚ ਲਿਖੀ ਜਾ ਰਹੀ ਦਲਿਤ ਕਵਿਤਾ ਤੇ ਸਵੈ-ਜੀਵਨੀ ਨਾਲੋਂ ਪੰਜਾਬੀ ਦੀ ਦਲਿਤ ਕਹਾਣੀ ਵਿੱਚ ਵਧੇਰੇ ਸ਼ਕਤੀਸ਼ਾਲੀ ਤਰੀਕੇ ਨਾਲ ਦਲਿਤ ਸਮਾਜਿਕ ਯਥਾਰਥ ਨੂੰ ਕਹਾਣੀਕਾਰਾਂ ਨੇ ਫੜਿਆ ਹੈ। ਡਾ. ਭੀਮਇੰਦਰ ਸਿੰਘ ਨੇ 'ਪੰਜਾਬੀ ਕਵਿਤਾ ਅਤੇ ਦਲਿਤ ਚੇਤਨਾ' ਦੇ ਸੰਦਰਭ ਵਿੱਚ ਆਪਣੀ ਗੱਲ ਕਰਦਿਆਂ ਕਿਹਾ ਕਿ ਪੰਜਾਬੀ ਦਲਿਤ ਕਵਿਤਾ ਦੀ ਸਾਡੇ ਕੋਲ ਲੰਮੀ ਪ੍ਰੰਪਰਾ ਹੈ। ਸਾਡੇ ਪ੍ਰਮੁੱਖ ਕਵੀਆਂ ਨੇ ਸ਼ਕਤੀਸ਼ਾਲੀ ਤਰੀਕੇ ਨਾਲ ਦਲਿਤ ਸਰੋਕਾਰਾਂ ਨੂੰ ਚਿਹਨਾਂ ਤੇ ਬਿੰਬਾਂ ਰਾਹੀਂ ਪੇਸ਼ ਕੀਤਾ ਹੈ। ਡਾ. ਗੁਰਮੀਤ ਕੱਲਰਮਾਜਰੀ ਨੇ 'ਪੰਜਾਬ ਗਲਪ ਅਤੇ ਦਲਿਤ ਚੇਤਨਾ' ਬਾਰੇ ਬੋਲਦਿਆਂ ਕਿਹਾ ਕਿ ਪੰਜਾਬੀ ਕਹਾਣੀ 'ਚ ਦਲਿਤ ਕਹਾਣੀ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ। ਉਨ੍ਹਾਂ ਨੇ ਕੁਝ ਪ੍ਰਮੁੱਖ ਦਲਿਤ ਜੀਵਨ 'ਤੇ ਲਿਖੀ ਕਹਾਣੀ ਦੇ ਹਵਾਲਿਆਂ ਨਾਲ ਆਪਣੀਆਂ ਮੁੱਲਵਾਨ ਧਾਰਨਾਵਾਂ ਦਿੱਤੀਆਂ। ਡਾ. ਸਾਹਿਬ ਸਿੰਘ ਨੇ 'ਪੰਜਾਬੀ ਨਾਟਕ ਅਤੇ ਦਲਿਤ ਸਰੋਕਾਰ' ਦੇ ਸੰਦਰਭ ਵਿੱਚ ਸਟੇਜਾਂ ਤੇ ਲਿਖਤੀ ਰੂਪ ਵਿੱਚ ਲਿਖੇ ਦਲਿਤਾਂ ਬਾਰੇ ਨਾਟਕਾਂ ਨੂੰ ਆਉਂਦੀਆਂ ਸਮੱਸਿਆਵਾਂ ਬਾਰੇ ਗੱਲਾਂ ਕੀਤੀਆਂ ਕਿ ਇਕ ਨਾਟਕਕਾਰ ਨੂੰ ਸਮੂਹ ਦਰਸ਼ਕਾਂ ਨੂੰ ਧਿਆਨ ਵਿੱਚ ਰੱਖ ਕੇ ਦਲਿਤ ਲੋਕਾਂ ਦੀ ਪੀੜਾ ਬਿਆਨ ਕਰਨੀ ਪੈਂਦੀ ਹੈ। ਇਸ ਸੈਸ਼ਨ ਦਾ ਸੰਚਾਲਨ ਡਾ. ਅਕਵਿੰਦਰ ਕੌਰ ਤਨਵੀ ਨੇ ਕੀਤਾ। ਇਸ ਸੈਮੀਨਾਰ ਵਿੱਚ ਵਿਭਾਗ ਦੇ ਜਰਨਲ 'ਪਰਖ' ਦਾ ਨਵਾਂ ਅੰਕ ਵੀ ਰਿਲੀਜ਼ ਕੀਤਾ ਗਿਆ। ਸੈਮੀਨਾਰ ਕੋਆਰਡੀਨੇਟਰ ਡਾ. ਉਮਾ ਸੇਠੀ ਨੇ ਧੰਨਵਾਦੀ ਸ਼ਬਦ ਕਹੇ। ਇਸ ਸੈਮੀਨਾਰ ਵਿੱਚ ਵਿਭਾਗ ਦੇ ਅਧਿਆਪਕ, ਖੋਜ ਵਿਦਿਆਰਥੀਆਂ ਤੋਂ ਇਲਾਵਾ ਡਾ. ਧਨਵੰਤ ਕੌਰ, ਭਗਵੰਤ ਰਸੂਲਪੁਰੀ, ਡਾ. ਸੰਤੋਖ ਸੁੱਖੀ, ਸੁਰਜੀਤ ਸੁਮਨ, ਜਗਦੀਪ ਸਿੱਧੂ ਤੇ ਗੁਰਦੇਵ ਸਿੰਘ ਸੰਦੌੜ ਆਦਿ ਨੇ ਵੀ ਹਿੱਸਾ ਲਿਆ।

# ਕੇਂਦਰੀ ਸਭਾ ਵੱਲੋਂ ਆਲਮੀ ਪੰਜਾਬੀ ਕਾਨਫ਼ਰੰਸ



**ਜਲੰਧਰ** : ਬੀਤੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵੱਲੋਂ ਤੀਜੀ ਤਿੰਨ ਦਿਨਾ ਆਲਮੀ ਪੰਜਾਬੀ ਕਾਨਫ਼ਰੰਸ ਹਰਭਜਨ ਸਿੰਘ ਹੁੰਦਲ ਨਗਰ ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੇ ਵਿਹੜੇ ਵਿੱਚ ਵਸਾਇਆ ਗਿਆ ਸੀ, ਵਿਖੇ ਕਰਵਾਈ ਗਈ। ਪਹਿਲੇ ਦਿਨ ਦਾ ਪਹਿਲਾ ਸੈਸ਼ਨ ਨਾਮਧਾਰੀ ਦਰਬਾਰ ਦੇ ਮੁਖੀ ਸਤਿਗੁਰੂ ਉਦੈ ਸਿੰਘ ਦੀ ਸਰਪ੍ਰਸਤੀ ਹੇਠ 'ਦੇਸ਼ ਅਸਾਡਾ ਕਿੱਥੋਂ ਕਿੱਥੇ ਪਹੁੰਚ ਗਿਆ' ਵਿਸ਼ੇ 'ਤੇ ਵਿਚਾਰ ਚਰਚਾ ਹਿੱਤ ਸੀ। ਮੁੱਖ ਭਾਸ਼ਣ ਚਿੰਤਕ ਗੌਹਰ ਰਜ਼ਾ ਦਾ ਸੀ, ਜਿਨ੍ਹਾਂ ਨੇ ਮੁਲਕ ਦੇ ਵੱਖ-ਵੱਖ ਇਤਿਹਾਸਕ ਪੜਾਵਾਂ ਦਾ ਜ਼ਿਕਰ ਕਰਦਿਆਂ ਆਈਆਂ ਤਬਦੀਲੀਆਂ ਬਾਰੇ ਆਪਣਾ ਚਿੰਤਨ ਪੇਸ਼ ਕੀਤਾ। ਗੁਰਭਜਨ ਗਿੱਲ, ਵਰਿਆਮ ਸੰਧੂ, ਲਖਵਿੰਦਰ ਜੌਹਲ ਅਤੇ ਹੋਰਨਾਂ ਨੇ ਵੀ ਵਿਚਾਰ ਪੇਸ਼ ਕੀਤੇ। ਦੂਜੇ ਸੈਸ਼ਨ 'ਮੈਂ ਪੰਜਾਬ ਬੋਲਦਾਂ' ਸਿਰਲੇਖ ਹੇਠ ਪੈਨਲ ਚਰਚਾ ਹੋਈ, ਜਿਸ ਵਿੱਚ ਹਮੀਰ ਸਿੰਘ, ਸਤਨਾਮ ਮਾਣਕ, ਜੈ ਪਾਲ ਸਿੰਘ ਅਤੇ ਹੋਰ ਵਿਦਵਾਨਾਂ ਨੇ ਪੰਜਾਬ ਦੇ ਬਦਲਦੇ ਹਾਲਾਤ ਬਾਰੇ ਆਪਣਾ ਚਿੰਤਨ ਪੇਸ਼ ਕੀਤਾ। ਦੂਜੇ ਦਿਨ ਸ਼ਬਨਮ ਹਾਸ਼ਮੀ ਨੇ ਔਰਤਾਂ ਦੀ ਸਥਿਤੀ ਬਾਰੇ ਆਪਣਾ ਮੁੱਖ ਭਾਸ਼ਨ ਪੇਸ਼ ਕੀਤਾ, ਕਮਲਜੀਤ ਢਿੱਲੋਂ, ਸੁਰਿੰਦਰ ਜੈਪਾਲ ਗਿੱਲ ਅਤੇ ਹੋਰ ਬੁਲਾਰਿਆਂ ਨੇ ਔਰਤ ਦੀ ਸਥਿਤੀ ਬਾਰੇ ਭਖਵੀਂ ਚਰਚਾ ਕੀਤੀ। ਨਾਮਧਾਰੀ ਸਾਹਿਤ ਪਰੰਪਰਾ ਉਪਰ ਸੁਵਰਨ ਸਿੰਘ ਵਿਰਕ ਹੁਰਾਂ ਵੱਲੋਂ ਵਿਸਥਾਰ ਵਿੱਚ ਗੱਲ ਕੀਤੀ ਗਈ। ਸ਼ਾਮ ਨੂੰ ਡਾ. ਆਤਮਜੀਤ ਨੇ ਡਾ. ਦੀਵਾਨ ਸਿੰਘ ਕਾਲੇ ਪਾਣੀ ਦੇ ਜੀਵਨ 'ਤੇ ਆਧਾਰਤ ਨਾਟਕ 'ਬੇੜੀਆਂ ਵਿੱਚ ਜਹਾਜ਼' ਦਾ ਪਾਠ ਬਹੁਤ ਹੀ ਭਾਵਪੂਰਤ ਅਤੇ ਨਾਟਕੀ ਅੰਦਾਜ਼ ਵਿੱਚ ਕੀਤਾ। ਤੀਜੇ ਅਤੇ ਆਖ਼ਰੀ ਦਿਨ ਭਾਸ਼ਾ, ਸਾਹਿਤ ਅਤੇ ਸਿੱਖਿਆ ਬਾਰੇ ਡਾ. ਮਨਜਿੰਦਰ ਸਿੰਘ ਨੇ ਬਹੁਤ ਹੀ ਭਾਵਪੂਰਤ ਗੱਲਾਂ ਕੀਤੀਆਂ, ਆਤਮ ਚਿੰਤਨ ਉਪਰ ਜ਼ੋਰ ਦਿੰਦਿਆਂ ਉਨ੍ਹਾਂ ਭਾਸ਼ਾ ਦੀ ਵਰਤਮਾਨ ਸਥਿਤੀ, ਸਾਹਿਤ ਅਤੇ ਸਿੱਖਿਆ ਬਾਰੇ ਆਪਣਾ ਮੱਤ ਪੇਸ਼ ਕੀਤਾ। 'ਸੰਵਿਧਾਨ, ਸੱਤਾ ਅਤੇ ਲੋਕ' ਵਿਸ਼ੇ ਉਪਰ ਡਾ. ਮਨਮੋਹਨ, ਅਸ਼ੋਕ ਗੁਪਤਾ, ਰੰਜੀਵਨ, ਗੁਰਭੇਜ ਗੁਰਾਇਆ, ਮੱਖਣ ਕੋਹਾੜ ਆਦਿ ਨੇ ਭਾਵਪੂਰਤ ਵਿਚਾਰ ਚਰਚਾ ਕੀਤੀ। ਪ੍ਰਧਾਨ ਦਰਸ਼ਨ ਬੁੱਟਰ, ਸੀਨੀ. ਮੀਤ ਪ੍ਰਧਾਨ ਹਰਜਿੰਦਰ ਸਿੰਘ ਅਟਵਾਲ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਸਮੁੱਚੀ ਕਾਰਜਕਾਰਨੀ ਵੱਲੋਂ ਸ਼ਿਰਕਤ ਕਰਨ ਵਾਲੀਆਂ ਧਿਰਾਂ ਦਾ ਧੰਨਵਾਦ ਕੀਤਾ। ਅੰਤ 'ਤੇ ਨਾਮਵਰ ਸਾਹਿਤਕਾਰਾਂ ਨੂੰ ਸਭਾ ਵੱਲੋਂ ਸਨਮਾਨਤ ਵੀ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵੱਲੋਂ ਤੀਜੀ ਤਿੰਨ ਰੋਜ਼ਾ ਆਲਮੀ ਪੰਜਾਬੀ ਕਾਨਫ਼ਰੰਸ ਵਿੱਚ ਗੰਭੀਰ ਵਿਚਾਰ-ਚਰਚਾ ਕਰਨ ਉਪਰੰਤ ਹੇਠ ਲਿਖੇ ਮਤੇ ਸਰਬ-ਸੰਮਤੀ ਨਾਲ ਪਾਸ ਕੀਤੇ ਗਏ। ਕਾਨਫਰੰਸ 'ਚ ਰਾਜ ਭਾਸ਼ਾ ਐਕਟ 1967 ਸੰਬੰਧੀ, ਚੰਡੀਗੜ੍ਹ ਤੇ ਜੰਮੂ ਕਸ਼ਮੀਰ, ਦਿੱਲੀ 'ਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਸੰਬੰਧੀ, ਸੰਘਰਸ਼ਸ਼ੀਲ ਧਿਰਾਂ ਦੇ ਮਸਲੇ, ਨਵੀਂ ਸਿੱਖਿਆ ਨੀਤੀ, ਲਾਇਬਰੇਰੀ ਐਕਟ, ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਸੰਬੰਧੀ, ਪੰਜਾਬ ਦੀ ਸੱਭਿਆਚਾਰਕ ਨੀਤੀ ਉਸਾਰਨ ਸੰਬੰਧੀ ਆਦਿ ਮਤੇ ਸਰਬ-ਸੰਮਤੀ ਨਾਲ ਪਾਸ ਕੀਤੇ ਗਏ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੰਜ ਰੋਜ਼ਾ ਨਾਟਕ ਮੇਲਾ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਅਤੇ ਭਾਸ਼ਾ ਵਿਭਾਗ, ਪਟਿਆਲਾ ਦੇ ਸਹਿਯੋਗ ਨਾਲ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦੀ ਦਿਵਸ 23 ਮਾਰਚ ਤੋਂ ਵਿਸ਼ਵ ਰੰਗਮੰਚ ਦਿਵਸ 27 ਮਾਰਚ 2025 ਤੱਕ ਬਲਰਾਜ ਸਾਹਨੀ ਓਪਨ ਏਅਰ ਥੀਏਟਰ, ਪੰਜਾਬੀ ਭਵਨ ਲੁਧਿਆਣਾ ਵਿਖੇ ਪੰਜ-ਰੋਜ਼ਾ ਨਾਟਕ-ਮੇਲੇ ਦਾ ਅਯੋਜਨ ਕੀਤਾ ਜਾਵੇਗਾ। ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਅਤੇ ਪੰਜ-ਰੋਜ਼ਾ ਨਾਟਕ-ਮੇਲੇ ਦੇ ਸੰਯੋਜਕ ਸੰਜੀਵਨ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਇਸ ਦੌਰਾਨ ਪੰਜ ਨਾਮਵਰ ਨਾਟ-ਕਰਮੀਆਂ ਡਾ. ਸਤੀਸ਼ ਕੁਮਾਰ ਵਰਮਾ, ਡੋਲੀ ਗੁਲੇਰੀਆ, ਪਾਲੀ ਭੁਪਿੰਦਰ, ਗੁਰਦਿਆਲ ਨਿਰਮਾਣ, ਜਗਜੀਤ ਸਰੀਨ ਨਾਲ ਰੂ-ਬ-ਰੂ ਅਤੇ ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਦੇ ਅਣ-ਛੋਹੇ ਪਲਾਂ ਦੀ ਗੱਲ ਕਰਦੇ ਸੰਜੀਵਨ ਦੇ ਨਾਟਕ 'ਸਰਦਾਰ' ਅਤੇ ਸਮਾਜਿਕ ਕੁਰੀਤੀਆਂ ਅਤੇ ਲੋਕਾਈ ਦੇ ਮਸਲੇ ਉਭਾਰਦੇ ਡਾ. ਸਾਹਿਬ ਸਿੰਘ, ਸੋਮ ਪਾਲ ਹੀਰਾ, ਕੇਵਲ ਧਾਲੀਵਾਲ, ਕਿਰਤੀ ਕਿਰਪਾਲ ਵੱਲੋਂ ਨਾਟਕ 'ਧਨੁ ਲਿਖਾਰੀ ਨਾਨਕਾ', 'ਭਾਸ਼ਾ ਵਹਿੰਦਾ ਦਰਿਆ', 'ਜਿਸ ਲਾਹੌਰ ਨਹੀਂ ਵੇਖਿਆ...', 'ਮੈਂ ਭਗਤ ਸਿੰਘ' ਦੇ ਮੰਚਨ ਤੋਂ ਇਲਾਵਾ ਦੂਸਰੇ ਦਿਨ ਇਨ੍ਹਾਂ ਨਾਟਕਾਂ ਦੇ ਮੰਚਨ ਉਪਰੰਤ ਮੰਥਨ ਵੀ ਕਰਵਾਏ ਜਾਣਗੇ।

# ਸਿਡਨੀ ਵਿਖੇ ਸਮਾਗਮ

**ਸਿਡਨੀ**-ਬਾਬਾ ਬੁੱਢਾ ਜੀ ਹਾਲ ਗਲੈਨਵੁੱਡ (ਸਿਡਨੀ) ਵਿੱਚ ਤਰਨਜੀਤ ਸਿੰਘ ਡਾਇਰੈਕਟਰ ਸੀਨੀਅਰ ਸਿਟੀਜ਼ਨ ਦੇ ਦਿਸ਼ਾ-ਨਿਰਦੇਸ਼ ਤਹਿਤ ਪੰਜਾਬੀ ਸਾਹਿਤਕਾਰਾਂ ਵੱਲੋਂ ਪੰਜਾਬੀ ਸਾਹਿਤਕ ਪ੍ਰੇਮੀਆਂ ਦੀ ਮਾਸਿਕ ਇਕੱਤਰਤਾ ਕੀਤੀ ਗਈ। ਜਸਵਿੰਦਰ ਕੌਰ, ਮਨਪ੍ਰੀਤ ਕੌਰ ਵੇਰਕਾ, ਗਿਆਨੀ ਸੰਤੋਖ ਸਿੰਘ, ਸੁਖਰਾਜ ਸਿੰਘ ਵੇਰਕਾ, ਗੁਰਮੁੱਖ ਸਿੰਘ, ਕੁਲਦੀਪ ਸਿੰਘ ਜੌਹਲ, ਜਸਪਾਲ ਸਿੰਘ ਸੰਧੂ, ਅਮਰਜੀਤ ਜਗਰਾਓਂ, ਦਰਸ਼ਨ ਸਿੰਘ ਪੰਧੇਰ, ਮੋਹਨ ਸਿੰਘ ਵਾਲੀਆ, ਹਰਦੀਪ ਸਿੰਘ ਕੁਕਰੇਜਾ, ਅਵਤਾਰ ਸਿੰਘ ਖਹਿਰਾ, ਬਿਮਲਾ ਵਰਮਾ, ਜੋਗਿੰਦਰ ਸਿੰਘ ਸੋਹੀ, ਸ਼ਵਿੰਦਰ ਕੌਰ ਬੈਂਸ, ਸੁਰਜੀਤ ਕੌਰ, ਪਰੀਤ ਕੌਰ ਭੱਠਲ, ਨਰੰਗ ਸਿੰਘ ਖਾਲਸਾ ਅਤੇ ਮਾਸਟਰ ਲਖਵਿੰਦਰ ਸਿੰਘ ਮਾਨ ਆਦਿ ਸਾਹਿਤਕਾਰ ਪ੍ਰੇਮੀਆਂ ਨੇ ਕਿਰਤ ਦੀ ਲੁੱਟ-ਖਸੁੱਟ/ਕਾਣੀ ਵੰਡ, ਗਰੀਬੀ-ਅਮੀਰੀ ਦਾ ਪਾੜਾ, ਮੰਡੀਆਂ ਵਿੱਚ ਫਸਲਾਂ ਦਾ ਰੁਲਣਾ, ਕਿਰਸਾਨੀ ਦੀ ਤ੍ਰਾਸਦੀ ਆਦਿ ਵਿਸ਼ਿਆਂ ਨੂੰ ਭਾਵਪੂਰਤ ਵਿਚਾਰਾਂ, ਕਵਿਤਾਵਾਂ ਅਤੇ ਗੀਤਾਂ ਰਾਹੀਂ ਵਰਨਣ ਕੀਤਾ ਗਿਆ। ਤੂੰਬੀ ਦੀ ਟੁਣਕਾਰ ਦੇ ਜਲਵੇ ਨੇ ਇਸ ਸਾਹਿਤਕ ਫ਼ਿਜ਼ਾ ਵਿੱਚ ਆਪਣਾ ਇੱਕ ਵੱਖਰਾ ਹੀ ਰੰਗ ਭਰ ਦਿੱਤਾ। ਜੋਗਿੰਦਰ ਸਿੰਘ ਸੋਹੀ ਨੇ ਇਸ ਵਿਧੀਵਤ ਢੰਗ ਨਾਲ ਮੰਚ ਸੰਚਾਲਨ ਕੀਤਾ ਕਿ ਸਾਹਿਤਕ ਰਚਨਾਵਾਂ ਦਾ ਇੱਕ ਵਿਸ਼ੇਸ਼ ਤਾਲਮੇਲ ਬਣਦਾ ਗਿਆ ਤੇ ਇੱਕ ਅਨੰਦਿਤ ਮਾਹੌਲ ਉਸਰਦਾ ਗਿਆ।



# ਲੋਕ ਕਵੀ ਜਗਰਾਜ ਧੌਲਾ ਸਨਮਾਨਿਤ



**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਪੰਜਾਬੀ ਕਵੀ ਸਿੰਦਰ ਧੌਲਾ ਅਤੇ ਪਰਵਾਰ ਵੱਲੋਂ ਬੇਬੇ ਬਿਮਲਾ ਦੇਵੀ ਅਤੇ ਬਾਪੂ ਸੂਬੇਦਾਰ ਬਚਨ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਿਤ ਚੌਥਾ ਪੁਰਸਕਾਰ ਪ੍ਰਸਿੱਧ ਲੋਕ ਕਵੀ ਜੁਗਰਾਜ ਧੌਲਾ ਨੂੰ ਦਿੱਤਾ ਗਿਆ। ਸਨਮਾਨ ਬਾਰੇ ਬੋਲਦਿਆਂ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਅੱਜ ਜਦੋਂ ਲੋਕ ਆਪਣੇ ਜਿਉਂਦੇ ਮਾਪਿਆਂ ਨੂੰ ਸਾਂਭਣ ਤੋਂ ਅਸਮਰੱਥ ਹੋ ਕੇ ਉਹਨਾਂ ਨੂੰ ਬਿਰਧ ਆਸ਼ਰਮਾਂ ਵਿੱਚ ਛੱਡ ਰਹੇ ਹਨ ਅਤੇ ਦੂਸਰੇ ਪਾਸੇ ਸਿੰਦਰ ਧੌਲਾ ਆਪਣੇ ਮਾਪਿਆਂ ਦੀ ਯਾਦ ਵਿਚ ਲੇਖਕਾਂ ਦਾ ਸਨਮਾਨ ਕਰ ਰਿਹਾ ਹੈ, ਜੋ ਕਿ ਸਮਾਜ ਲਈ ਬਹੁਤ ਵੱਡਾ ਸੁਨੇਹਾ ਹੈ। ਇਸ ਮੌਕੇ ਮਾਲਵਿੰਦਰ ਸ਼ਾਇਰ ਦੇ ਗ਼ਜ਼ਲ ਸੰਗ੍ਰਹਿ 'ਧੁਰੋਂ' ਦਾ ਲੋਕ ਅਰਪਣ ਕੀਤਾ ਗਿਆ, ਜਿਸ ਬਾਰੇ ਬੋਲਦਿਆਂ ਤੇਜਿੰਦਰ ਚੰਡਿਹੋਕ ਨੇ ਕਿਹਾ ਕਿ ਮਾਲਵਿੰਦਰ ਸ਼ਾਇਰ ਗਜ਼ਲ ਕਾਵਿ ਵਿਧਾ ਨੂੰ ਪਰਨਾਇਆ ਹੋਇਆ ਸਮਰੱਥ ਸ਼ਾਇਰ ਹੈ। ਇਹਨਾਂ ਤੋਂ ਇਲਾਵਾ ਡਾ. ਭੁਪਿੰਦਰ ਸਿੰਘ ਬੇਦੀ, ਕਹਾਣੀਕਾਰ ਪਰਮਜੀਤ ਮਾਨ, ਨਾਵਲਕਾਰ ਦਰਸ਼ਨ ਸਿੰਘ ਗੁਰੂ, ਜਗਤਾਰ ਜਜ਼ੀਰਾ, ਡਾ. ਰਾਮਪਾਲ ਸਿੰਘ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਅਤੇ ਗੁਰਸੇਵਕ ਸਿੰਘ ਧੌਲਾ ਨੇ ਆਪਣੇ ਵਿਚਾਰ ਪੇਸ਼ ਕੀਤੇ। ਗਿਆਨੀ ਤਾਰਾ ਸਿੰਘ ਪਰਦੇਸੀ ਦੀ ਯਾਦ ਵਿੱਚ ਕਰਵਾਏ ਗਏ ਇਨਾਮੀ ਕਵੀ ਦਰਬਾਰ ਵਿੱਚ ਹਾਜ਼ਰ ਕਵੀਆਂ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਕਵੀਆਂ ਨੂੰ ਪਰਮਜੀਤ ਮਾਨ ਅਤੇ ਪਰਵਾਰ ਵੱਲੋਂ ਨਗਦ ਰਾਸ਼ੀ ਦੇ ਨਾਲ ਕਿਤਾਬਾਂ ਦਾ ਸੈਟ ਦੇ ਕੇ ਸਨਮਾਨਿਤ ਕੀਤਾ ਗਿਆ।

# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ



**ਕੈਲਗਰੀ** : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ 'ਚ ਹੋਈ। ਵਿੱਛੜੇ ਹੋਏ ਲੇਖਕਾਂ ਨੂੰ ਯਾਦ ਕੀਤਾ ਗਿਆ। ਅੱਜ ਦੀ ਇਕੱਤਰਤਾ ਵਿੱਚ ਪੰਜਾਬੀ ਵਿਰਸੇ ਨਾਲ ਸੰਬੰਧਤ ਵਿਅੰਗਾਤਮਿਕ ਰਚਨਾਵਾਂ ਦੀ ਭਰਮਾਰ ਰਹੀ। ਤੇਜਾ ਸਿੰਘ ਪ੍ਰੇਮੀ ਨੇ ਸੱਭਿਆਚਾਰਕ ਬੋਲੀਆਂ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਅਸ਼ਵਨੀ ਪੁਰੀ, ਸੁਰਿੰਦਰ ਸਿੰਘ ਢਿੱਲੋਂ ਅਤੇ ਸੁਰਜੀਤ ਸਿੰਘ ਲਾਲੀ ਨੇ ਇਤਿਹਾਸਕ ਤੱਥਾਂ ਦੇ ਅਧਾਰ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਸਰਦੂਲ ਸਿੰਘ ਧਾਲੀਵਾਲ ਨੇ ਬਹੁਤ ਹੀ ਵਧੀਆ ਨਜ਼ਮ 'ਅਦਾਲਤਾਂ' ਨਾਲ ਆਪਣੀ ਹਾਜ਼ਰੀ ਲਗਵਾਈ ਅਤੇ ਉਪਰੰਤ ਆਪਣਾ ਵਿਲੱਖਣ ਵਿਅੰਗ ਨਾਟਕੀ ਰੂਪ 'ਚ ਪੇਸ਼ ਕੀਤਾ ਅਤੇ ਇਕ ਭਾਵਪੂਰਤ ਨਜ਼ਮ 'ਅਦਾਲਤਾਂ' ਸੁਣਾਈ। ਜਸਵੰਤ ਸਿੰਘ ਕਪੂਰ ਹੁਰਾਂ ਪੰਜਾਬੀ ਮਾਂ-ਬੋਲੀ ਅਤੇ ਭਾਸ਼ਾ ਦੇ ਵਿਕਾਸ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਮਨਜੀਤ ਬਰਾੜ ਨੇ ਕਹਾਣੀ ਸੁਣਾਈ, ਜੋ ਪੰਜਾਬੀ ਸੱਭਿਆਚਾਰ, ਖ਼ਾਸ ਕਰਕੇ ਸਾਡੇ ਪੇਂਡੂ ਧਰਾਤਲ ਦੀ ਬਹੁਤ ਸਹੀ ਤਰਜਮਾਨੀ ਸੀ। ਕਹਾਣੀ ਦਾ ਨਾਂਅ ਸੀ 'ਟਿੱਚਰਾਂ'। ਉਪਰੰਤ ਸੁਖਮੰਦਰ ਤੂਰ ਨੇ ਆਪਣੀ ਆਵਾਜ਼ ਅਤੇ ਸੁਰਾਂ ਦੇ ਸੁਮੇਲ ਵਿਚ ਗੀਤ ਸੁਣਾਇਆ। ਬੰਦੇ ਦੇ ਹੱਥ ਵਰਗਾ ਕੋਈ ਔਜ਼ਾਰ ਨੀ ਬਣਿਆ। ਇਹ ਅਟੱਲ ਸਚਾਈ ਹੈ ਕਿ ਵਿਗਿਆਨ ਅਥਾਹ ਤਰੱਕੀ ਦੇ ਬਾਵਜੂਦ ਕੁਦਰਤ ਨੂੰ ਪਾਰ ਨਹੀਂ ਕਰ ਸਕੀ। ਗੁਰਦੀਪ ਕੌਰ ਗਹੀਰ ਨੇ ਆਪਣੀ ਸੱਭਿਆਚਾਰਕ ਪੇਸ਼ਕਾਰੀ ਨਾਲ ਰੰਗ ਬੰਨ੍ਹਿਆ। ਸੁਖਮੰਦਰ ਸਿੰਘ ਗਿੱਲ ਨੇ ਆਪਣੇ ਸ਼ਾਨਦਾਰ ਸਲਾਹੁਣਯੋਗ ਅੰਦਾਜ਼ 'ਚ ਗੀਤ ਸੁਣਾਇਆ। ਮੰਚ-ਸੰਚਾਲਨ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਈ।

# ਪ੍ਰੇਮ ਮਾਨ ਤੇ ਹਰਕੀਰਤ ਚਹਿਲ ਨਾਲ ਰੂ-ਬ-ਰੂ ਸਮਾਗਮ



**ਅੰਮ੍ਰਿਤਸਰ** : ਖ਼ਾਲਸਾ ਕਾਲਜ ਦੇ ਪੰਜਾਬੀ ਵਿਭਾਗ ਵੱਲੋਂ ਡਾ. ਪ੍ਰੇਮ ਮਾਨ ਅਤੇ ਹਰਕੀਰਤ ਕੌਰ ਚਹਿਲ ਨਾਲ ਰੂ ਬ ਰੂ ਸਮਾਗਮ ਕਰਵਾਇਆ ਗਿਆ। ਰੂ ਬ ਰੂ ਸਮਾਗਮ ਦੌਰਾਨ ਵਿਭਾਗ ਦੇ ਮੁੱਖੀ ਡਾ. ਆਤਮ ਸਿੰਘ ਰੰਧਾਵਾ ਨੇ ਮਹਿਮਾਨ ਪਰਵਾਸੀ ਸਾਹਿਤਕਾਰਾਂ ਦੇ ਪੰਜਾਬੀ ਸਾਹਿਤ ਪ੍ਰਤੀ ਚੇਤਨਾ ਅਤੇ ਚਿੰਤਨ ਸੰਬੰਧੀ ਵਿਚਾਰ ਪੇਸ਼ ਕਰਦਿਆਂ ਉਨ੍ਹਾਂ ਦੁਆਰਾ ਪੰਜਾਬੀ ਸਾਹਿਤ 'ਚ ਪਾਏ ਜਾ ਰਹੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਉਪਰੰਤ ਡਾ. ਪ੍ਰੇਮ ਮਾਨ ਨੇ ਆਪਣੇ ਸਾਹਿਤਕ ਸਫ਼ਰ ਤੇ ਜੀਵਨ ਬਾਰੇ ਖੁੱਲ੍ਹ ਕੇ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸਾਹਿਤ ਪੜ੍ਹਨ ਦੀ ਚੇਟਕ ਆਪਣੇ ਅਧਿਆਪਕਾਂ ਤੋਂ ਦਸਵੀਂ 'ਚ ਪੜ੍ਹਦਿਆਂ ਲੱਗ ਗਈ ਸੀ। ਤੇ ਉਚੇਰੀ ਅਰਥ ਸ਼ਾਸਤਰ 'ਚ ਪੜ੍ਹਾਈ ਲੰਡਨ ਸਕੂਲ ਆਫ਼ ਇਕਨਾਮਿਕਸ ਅਤੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਤੋਂ ਪ੍ਰਾਪਤ ਕੀਤੀ। ਉਪਰੰਤ ਨਿਊਯਾਰਕ ਦੀ ਯੂਨੀਵਰਸਿਟੀ ਵਿਚ ਕਈ ਸਾਲ ਅਧਿਆਪਨ ਕਾਰਜ ਕਰਨ ਉਪਰੰਤ ਸੇਵਾ ਮੁਕਤ ਹੋਏ। ਉਪਰੰਤ ਹਰਕੀਰਤ ਚਹਿਲ ਨੇ ਆਪਣੇ ਸਾਹਿਤਕ ਸਫ਼ਰ ਦੀ ਗੱਲ ਆਪਣੇ ਨਾਵਲਾਂ ਦੇ ਹਵਾਲੇ ਨਾਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਨਾਵਲਾਂ ਵਿੱਚ ਆਵਾਸੀ ਤੇ ਪਰਵਾਸੀ ਜੀਵਨ ਸੰਕਟ ਨੂੰ ਅਛੂਤੇ ਪਾਤਰਾਂ ਨਾਲ ਪੇਸ਼ ਕੀਤਾ ਹੈ। 'ਆਦਮ ਗ੍ਰਹਿਣ' ਨਾਵਲ ਦੇ ਪ੍ਰਸੰਗ ਵਿੱਚ ਗੱਲਾਂ ਕਰਨ ਉਪਰੰਤ ਪਰਵਾਸ ਦੇ ਤੇ ਸਮਕਾਲ ਦੇ ਅਨੇਕਾਂ ਮਸਲੇ ਵੀ ਸਾਂਝੇ ਕੀਤੇ। ਇਸ ਮੌਕੇ 'ਤੇ ਪ੍ਰੇਮ ਮਾਨ ਵੱਲੋਂ ਸੰਪਾਦਤ ਕਹਾਣੀਆਂ ਦੀ ਪੁਸਤਕ 'ਨਿੱਤਰੇ ਪਾਣੀਆਂ ਜਿਹੀਆਂ ਕਹਾਣੀਆਂ' ਤੇ ਚਹਿਲ ਵੱਲੋਂ ਸੰਪਾਦਤ 'ਤੇਰੇ ਨਾਲ ਮੁਹੱਬਤ ਡਾਢੀ' ਕਿਤਾਬਾਂ ਲੋਕ ਅਰਪਨ ਕੀਤੀਆਂ। ਵਿਭਾਗ ਵੱਲੋਂ ਦੋਹਾਂ ਲੇਖਕਾਂ ਨੂੰ ਸਨਮਾਨ ਚਿੰਨ ਵੀ ਭੇਟ ਕੀਤੇ ਗਏ। ਇਸ ਮੌਕੇ ਉੱਤੇ ਪਰਵਾਸੀ ਲੇਖਕ ਡਾ. ਕਰਨੈਲ ਸ਼ੇਰਗਿੱਲ, ਸ਼ਾਇਰਾ ਅਰਤਿੰਦਰ ਸੰਧੂ, ਕਮਲ ਗਿੱਲ, ਸਰਘੀ, ਜਸਪਾਲ ਕੌਰ, ਸਤਬੀਰ ਤੇ ਰਮਿੰਦਰ ਵਾਲੀਆ ਤੋਂ ਇਲਾਵਾ ਪੰਜਾਬੀ ਵਿਭਾਗ ਦੇ ਅਧਿਆਪਕ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

# ਦ੍ਰਿਸ਼ਟੀ ਦਾ ਵਿਜ਼ਨ ਮੰਚ ਵੱਲੋਂ ਰਚਨਾਵਾਂ 'ਤੇ ਹੋਈ ਵਿਚਾਰ-ਚਰਚਾ

**ਹੁਸ਼ਿਆਰਪੁਰ**-ਸਾਹਿਤਕ ਸੰਸਥਾ ਦ੍ਰਿਸ਼ਟੀ ਦਾ ਵਿਜ਼ਨ ਮੰਚ ਵੱਲੋਂ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ, ਸ਼ਿਮਲਾ ਪਹਾੜੀ ਵਿਖੇ ਸਾਹਿਤਕ ਮਿਲਣੀ ਦਾ ਅਯੋਜਨ ਕੀਤਾ ਗਿਆ, ਜਿਸ ਵਿੱਚ ਰਚਨਾਵਾਂ ਅਤੇ ਵਿਚਾਰ-ਚਰਚਾ ਦਾ ਦੌਰ ਚੱਲਿਆ। ਹਾਜ਼ਰ ਲੇਖਕਾਂ ਤੇ ਕਵੀਆਂ 'ਚੋਂ ਅਰਚੀ ਅਗਰਵਾਲ, ਡਾ. ਕੁਲਦੀਪ ਸਿੰਘ, ਇੰਦਰਜੀਤ ਚੌਧਰੀ, ਨੀਰਜ ਧੀਮਾਨ, ਪ੍ਰੋ. ਕ੍ਰਿਸ਼ਣਾ ਸੈਨੀ ਆਦਿ ਵੱਲੋਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਆਪਣੀਆਂ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਗਏ। ਉਂਕਾਰ ਤ੍ਰੇਹਨ ਵੱਲੋਂ ਉਨ੍ਹਾਂ ਦਾ ਲਿਖਿਆ-ਗਾਇਆ ਅਤੇ ਰਿਕਾਰਡਡ ਗੀਤ ਸੁਣ ਕੇ ਹਾਜ਼ਰੀਨ ਅਸ਼-ਅਸ਼ ਕਰ ਉੱਠੇ। ਡਾ. ਭੁਪਿੰਦਰ ਸਿੰਘ ਵੱਲੋਂ ਨੌਜਵਾਨਾਂ ਵਿੱਚ ਡਿਪ੍ਰੈਸ਼ਨ ਅਤੇ ਖ਼ੁਦਕੁਸ਼ੀ ਦੀ ਸਮੱਸਿਆ, ਆਯੁਸ਼ ਸ਼ਰਮਾ ਵੱਲੋਂ ਪੰਜਾਬ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੀ ਚੁਣੌਤੀ ਅਤੇ ਆਰ.ਸੀ. ਮਹਿਤਾ ਵੱਲੋਂ ਵਧ ਰਹੇ ਸਾਈਬਰ ਕ੍ਰਾਈਮ 'ਤੇ ਆਪਣੇ ਵਿਚਾਰ ਰੱਖੇ ਗਏ। ਪੜ੍ਹੀਆਂ ਰਚਨਾਵਾਂ ਅਤੇ ਇਨ੍ਹਾ ਵਿਸ਼ਿਆਂ 'ਤੇ ਭਖਵੀਂ ਬਹਿਸ ਹੋਈ। ਮੰਚ ਦੇ ਕਨਵੀਨਰ ਡਾ. ਧਰਮਪਾਲ ਸਾਹਿਲ ਨੇ ਪੜ੍ਹੀਆਂ ਗਈਆਂ ਰਚਨਾਵਾਂ 'ਤੇ ਸਾਰਥਿਕ ਟਿੱਪਣੀਆਂ ਕੀਤੀਆਂ। ਭਵਿੱਖ ਵਿੱਚ ਮੰਚ ਵੱਲੋਂ ਇੱਕ ਭਖਵੇਂ ਵਿਸ਼ੇ 'ਤੇ ਸੈਮੀਨਾਰ ਵੀ ਆਯੋਜਿਤ ਕੀਤਾ ਜਾਵੇਗਾ।

# ਪਾਠਕਾਂ ਦੇ ਝਰੋਖੇ 'ਚੋਂ

## ਇਤਿਹਾਸ ਦੀ ਰਾਜਨੀਤੀ

9 ਮਾਰਚ ਦੇ 'ਨਵਾਂ ਜ਼ਮਾਨਾ' 'ਚ ਤੇਗਿੰਦਰ ਦਾ ਲੇਖ ਵੱਖ-ਵੱਖ ਦੇਸ਼ਾਂ 'ਚ ਪੜ੍ਹਾਏ ਜਾ ਰਹੇ ਇਤਿਹਾਸ ਦੀ ਚੰਗੀ ਖੋਜ ਹੈ।ਅਸਲ 'ਚ ਦੁਨੀਆਂ ਦੇ ਜਿਹੜੇ ਦੇਸ ਜਿਨ੍ਹਾਂ ਛੋਟੇ ਮੁਲਕਾਂ 'ਤੇ ਰਾਜ ਕਰ ਰਹੇ ਹਨ ਜਾਂ ਕਰਦੇ ਰਹੇ ਹਨ।ਉਹ ਆਪਣੀ ਕਿਸਮ ਦਾ ਆਪਣੇ ਹੱਕ 'ਚ ਇਤਿਹਾਸ ਲਿਖਾ ਕੇ ਸਕੂਲੀ ਸਿਖਿਆ ਵਿੱਚ ਸ਼ਮਲ ਕਰਦੇ ਹਨ।ਦੇਸ਼ ਭਾਵੇਂ ਕੋਈ ਹੋਵੇ।ਦੂਰ ਕੀ ਜਾਣਾ ਹੁਣ ਮੀਡਿਆ 'ਚ ਖਬਰ ਆਈ ਹੈ ਕਿ ਪੰਜਾਬ ਸਕੂਲ ਬੋਰਡ ਦੀ ਬਾਰ੍ਹਵੀਂ ਪ੍ਰੀਖਿਆ ਵਿਚ ਪੇਪਰ ਰਾਜੀਨੀਤੀ ਵਿਗਿਆਨ) ਆਮ ਆਦਮੀ ਪਾਰਟੀ ਬਾਰੇ ਸਵਾਲ ਪੁੱਛੇ ਗਏ।ਜਿਸ ਨਾਲ ਦੂਸਰੀਆਂ ਪਾਰਟੀਆਂ ਨੇ ਵਿਰੋਧ ਕੀਤਾ।ਇਸੇ ਤਰ੍ਹਾਂ ਸਾਡੇ ਦੇਸ਼ ਵਿੱਚ ਹੁਣ ਸਕੂਲੀ ਪਾਠਕਰਮਾਂ 'ਚ ਹਿੰਦੀ ਸੰਸਕ੍ਰਿਤ ਨੂੰ ਕੁਝ ਨਿਜੀ ਸਕੂਲਾਂ 'ਚ ਪੜ੍ਹਾਇਆ ਜਾ ਰਿਹਾ ਹੈ।ਇਸ ਬਾਰੇ ਅਗਲੀ ਕਿਸ਼ਤ ਦੀ ਉਡੀਕ ਹੈ।ਬਲਜਿੰਦਰ ਕੌਰ ਸ਼ੇਰ ਗਿੱਲ ਨੇ ਪਿੰਡ ਖਮਾਣੋਂ ਕਲਾਂ ਦਾ ਖੋਜਮਈ ਜ਼ਿਕਰ ਕੀਤਾ ਹੈ।ਪ੍ਰੋ. ਬੇਅੰਤ ਸਿੰਘ ਬਾਜਵਾ ਨੇ ਰਾਮ ਸਰੂਪ ਅਣਖੀ ਦੇ ਨਾਵਲਾਂ ਦੇ ਪਾਤਰਾਂ ਨਾਲ ਆਪਣੀ ਸਾਂਝ ਦਾ ਜ਼ਿਕਰ ਕੀਤਾ ਹੈ।ਬਹੁਤ ਚੰਗਾ ਤੇ ਦਿਲਚਸਪ ਲੱਗਾ।

ਕਾਲਮ ਸੁਲਘਦੇ ਸਵਾਲ ਦੇ ਲੇਖਕ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਨੇ ਯੋਗੀ ਸਰਕਾਰ ਦੇ ਲਾਏ ਕੁੰਭ ਮੇਲੇ ਦੇ ਸੰਦਰਭ ਵਿਚ ਬਹੁਤ ਕਮੀਆਂ ਦਾ ਜ਼ਿਕਰ ਕੀਤਾ ਹੈ।ਯੋਗੀ ਦੇ ਸੂਬੇ ਵਿੱਚ ਡਬਲ ਇੰਜਨ ਸਰਕਾਰ ਹੋਣ ਦੇ ਬਾਵਜੂਦ ਕੁੰਭ ਮੇਲੇ ਦੇ ਪ੍ਰਬੰਧਾਂ ਵਿੱਚ ਕਮੀਆ ਰਹੀਆਂ ਜਿਸ ਕਰਕੇ ਬਹੁਤ ਵਡੀ ਗਿਣਤੀ 'ਚ ਲੋਕ ਰੱਬ ਨੂੰ ਪਿਆਰੇ ਹੋ ਗਏ।ਡਾ. ਗੁਰਬਖਸ਼ ਸਿੰਘ ਭੰਡਾਲ ਨੇ ਪੰਜਾਬ ਨੂੰ ਮੁੜ ਪ੍ਰਭਾਸ਼ਿਤ ਕਰਨ ਦੇ ਕਾਰਨਾ ਦਾ ਜ਼ਿਕਰ ਕੀਤਾ ਹੈ।ਪੰਜਾਬ ਹੁਣ ਬਹੁਤ ਬਦਲ ਗਿਆ ਹੈ ਪੰਜਾਬ ਦੀ ਆਬਾਦੀ ਦਾ ਤਵਾਜ਼ਨ ਵਿਗੜ ਗਿਆ ਹੈ।ਪੰਜਾਬ 'ਚ ਬਾਹਰਲੇ ਸੂਬਿਆ ਦੇ ਲੋਕ ਵਧੇਰੇ ਕਾਬਜ਼ ਹੋ ਗਏ ਹਨ।ਖ਼ੁਦ ਪੰਜਾਬੀ ਕੋਠੀਆਂ ਨੂੰ ਤਾਲੇ ਲਾ ਕੇ ਵਿਦੇਸ਼ਾਂ ਵਿੱਚ ਜਾ ਰਹੇ ਹਨ।ਪੰਜਾਬ ਦੇ ਗੱਭਰੂਆ 'ਚ ਉਹ ਜਵਾਨੀ ਦਾ ਜੋਸ਼ ਨਹੀ ਰਹਿ ਗਿਆ।ਪੰਜਾਬ ਦੀਆਂ ਸਿਆਸੀ ਪਾਰਟੀਆ ਦੀ ਆਪਸੀ ਖਹਿਬਾਜ਼ੀ ਚੱਲਦੀ ਰਹਿੰਦੀ ਹੈ।ਦ੍ਰਿਸ਼ਟੀਕੋਣ ਨੇ ਅਕਾਲੀ ਦਲ ਬਾਰੇ ਬਹੁਤ ਸ਼ਿਦਤ ਨਾਲ ਲਿਖਿਆ ਹੈ।

- ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

**ਪਾਠਕਾਂ ਲਈ**

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਸ਼ਹੀਦ ਭਗਤ ਸਿੰਘ ਹੋਣ ਦੇ ਅਰਥ : ਹਰਵਿੰਦਰ ਭੰਡਾਲ

ਸੀ ਪੀ ਆਈ ਦੇ ਇਤਿਹਾਸ ਦੇ ਪੰਨੇ

'ਕਿਤਾਬ ਜੋ ਅਜੇ ਬਾਕੀ ਹੈ' : ਡਾ. ਪਰਮਜੀਤ ਢੀਂਗਰਾ, (ਫੋਕਸ) ਭਗਵੰਤ ਰਸੂਲਪੁਰੀ

ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

## ਪਰਖ : ਆਲੋਚਨਾ ਦਾ ਜਰਨਲ




ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ ਦੇ ਪੰਜਾਬੀ ਵਿਭਾਗ , ਪੰਜਾਬੀ ਅਧਿਐਨ ਸਕੂਲ ਵੱਲੋਂ ਪ੍ਰਕਾਸ਼ਤ ਜਰਨਲ 'ਪਰਖ' ਦਾ ਜੁਲਾਈ-ਦਸੰਬਰ, 2024 ਅੰਕ ਛਪ ਗਿਆ ਹੈ। ਇਸ ਜਰਨਲ ਨੇ ਆਲੋਚਨਾ ਦਾ ਉੱਚਾ ਮਿਆਰ ਸਥਾਪਤ ਕੀਤਾ ਹੈ। ਸੰਪਾਦਕੀ 'ਚ ਸੰਪਾਦਕ ਨੇ ਆਲੋਚਨਾ ਦੇ ਇਸੇ ਮਿਆਰ ਦੀ ਹੀ ਗੱਲ ਕੀਤੀ ਹੈ। ਹੱਥਲੇ ਅੰਕ ਵਿੱਚ ਸੁਖਪਾਲ ਦੀ ਕਵਿਤਾ (ਡਾ. ਯੋਗ ਰਾਜ), ਮਾਰਕਸਵਾਦੀ ਪੰਜਾਬੀ ਚਿੰਤਨ ਤੇ ਰਵਿੰਦਰ ਰਵੀ (ਡਾ. ਸਰਬਜੀਤ ਸਿੰਘ), ਭਾਰਤੀ ਸਾਹਿਤ ਦਾ ਸੰਕਲਪ ਮਿੱਥ ਤੇ ਹਕੀਕਤ (ਡਾ. ਸੁਰਜੀਤ ਸਿੰਘ), ਅੰਮ੍ਰਿਤਾ ਪ੍ਰੀਤਮ ਦਾ ਸਾਹਿਤ ਟ੍ਰੋਮਾ ਅਧਿਐਨ (ਡਾ. ਪ੍ਰਵੀਨ ਕੁਮਾਰ), ਸਾਹਿਤ ਅਧਿਐਨ ਦਾ ਮਨੋ-ਭਾਸ਼ਾ ਵਿਗਿਆਨ ਮਾਡਲ (ਡਾ. ਮਨਜਿੰਦਰ ਸਿੰਘ-ਕਮਲਪ੍ਰੀਤ ਸਿੰਘ), ਸਿਨੇਮਾ ਦੀ ਸਿਧਾਂਤਕ ਪੜ੍ਹਤ (ਡਾ. ਨਛੱਤਰ ਸਿੰਘ-ਵਿਪਨ ਕੁਮਾਰ), ਸੁਰਜੀਤ ਪਾਤਰ ਕਾਵਿ (ਡਾ. ਜਸਲੀਨ ਕੌਰ), ਧਨੀ ਰਾਮ ਚਾਤ੍ਰਿਕ ਦਾ ਕਾਵਿ (ਡਾ. ਪਵਨ ਕੁਮਾਰ), ਸੁਖਾਂਤ ਨਾਟਕ ਦੀ ਪਰੰਪਰਾ (ਡਾ. ਸੁਖਜੀਤ ਕੌਰ), ਦੇਵ ਦੀਆਂ ਕਾਵਿ ਭਾਸ਼ਾਈ ਜੁਗਤਾਂ (ਵਕੀਲ ਸਿੰਘ), ਪੰਜਾਬੀਅਤ ਦਾ ਸਰੂਪ (ਜਸ਼ਨਪ੍ਰੀਤ ਕੌਰ), ਪੂਰਨ ਸਿੰਘ ਦਾ ਵਿਆਖਿਆ ਸ਼ਾਸ਼ਤਰ (ਮਹਿਤਾਬ) ਆਦਿ ਗੰਭੀਰ ਦ੍ਰਿਸ਼ਟੀ ਨਾਲ ਲਿਖੇ ਖੋਜ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਉਪਰੰਤ ਕੁਝ ਲੇਖ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਤ ਕੀਤੇ ਗਏ ਹਨ। 'ਪਰਖ' ਨੇ ਨਵੇਂ ਚਿੰਤਨ-ਦ੍ਰਿਸ਼ਟੀ ਨਾਲ ਸਾਹਿਤ, ਕਲਾ ਤੇ ਭਾਸ਼ਾ ਦਾ ਅਧਿਐਨ ਕਰਨਾ ਸ਼ੁਰੂ ਕੀਤਾ ਹੋਇਆ ਹੈ।

ਪਰਖ (ਮੁੱਲ : 200 ਰੁਪਏ, ਪੰਨੇ : 227) ਮੁੱਖ ਸੰਪਾਦਕ : ਪ੍ਰੋ. ਯੋਗ ਰਾਜ , ਸੰਪਾਦਕ : ਪ੍ਰੋ. ਸਰਬਜੀਤ ਸਿੰਘ, ਪਤਾ : ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

## ਅਰਮਾਨ : ਤਿਮਾਹੀ ਰਿਸਰਚ ਜਰਨਲ

'ਅਰਮਾਨ' ਦਾ ਜਨਵਰੀ-ਮਾਰਚ,2025 ਅੰਕ ਤਿਆਰ ਹੋ ਕੇ ਪਾਠਕਾਂ ਤੱਕ ਪੁੱਜ ਗਿਆ ਹੈ। ਸੰਪਾਦਕੀ ਵਿੱਚ ਸੰਪਾਦਕ ਨੇ ਜਰਨਲ ਦੇ ਉਦੇਸ਼ ਤੇ ਖੋਜ




ਕਾਰਜ ਬਾਰੇ ਵਿਚਾਰ ਪ੍ਰਗਟ ਕੀਤੇ ਹਨ। ਹੱਥਲੇ ਜਰਨਲ ਵਿੱਚ ਅਜੀਤ ਕੌਰ ਦੀਆਂ ਕਹਾਣੀਆਂ ਬਾਰੇ (ਇੰਦਰਜੀਤ ਕੌਰ), ਜਿੰਦਰ ਦੀ ਸੌਰੀ' ਕਹਾਣੀ ਬਾਰੇ (ਡਾ. ਬੀਰਬਲ ਸਿੰਘ), ਹਰਪ੍ਰੀਤ ਸੇਖਾ ਦੀ ਕਿਤਾਬ 'ਪ੍ਰਿੰਜ਼ਮ' 'ਤੇ (ਪ੍ਰੋ. ਗੁਰਸਿਮਰ ਸਿੰਘ), ਗ਼ਜ਼ਲ ਦੇ ਮੁਹਾਂਦਰੇ ਬਾਰੇ (ਡਾ. ਮਨਦੀਪ ਸਿੰਘ), ਕਰਨਜੀਤ ਕੋਮਲ ਦੀ ਕਿਤਾਬ 'ਬਰਕਤਾ' ਬਾਰੇ (ਡਾ. ਸਿਮਰਨਜੀਤ ਸਿੰਘ), ਭਗਵੰਤ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਬਾਰੇ (ਡਾ. ਬਲਵੀਰ ਕੌਰ ਰੀਹਲ ),ਅਰਤਿੰਦਰ ਸੰਧੂ ਦੀ ਕਾਵਿ ਸੰਵੇਦਨਾ ਬਾਰੇ (ਡਾ. ਮਨਜੀਤ ਕੌਰ), ਪੰਜਾਬੀ ਸੂਫ਼ੀ ਸੰਪ੍ਰਦਾਇ ਬਾਰੇ (ਡ. ਮਨਦੀਪ ਸਿੰਘ), ਪੰਜਾਬ ਵਿੱਚ ਉਚੇਰੀ ਸਿੱਖਿਆ ਬਾਰੇ (ਡਾ. ਰਵਿੰਦਰ ਕੌਰ), ਨਵਤੇਜ ਭਾਰਤੀ ਦੇ ਕਾਵਿ ਬਾਰੇ (ਡਾ. ਵੰਦਨਾ), ਗੁਰੂ ਰਵਿਦਾਸ ਬਾਣੀ(ਸਰਵਜੀਤ ਸਿੰਘ), ਇੰਟਰਵਲ ਤੋਂ ਬਾਅਦ (ਡਾ. ਜਸਪਾਲਜੀਤ), ਰਾਜਸਥਾਨ ਦੀ ਯਾਤਰਾ ਬਾਰੇ (ਗੁਰਵਿੰਦਰ ਸਿੰਘ), ਬਾਬਾ ਜਿੱਤੋ ਬਾਰੇ (ਡਾ. ਸਨੋਬਰ), ਚੈਖੇਵ ਦੀ ਕਹਾਣੀ 'ਗਿਰਗਿਟ' ਤੇ (ਸੰਦੀਪ ਸਿੰਘ), ਮੁਕਤਸਰ ਦੇ ਮੇਲਿਆਂ ਬਾਰੇ (ਸ਼ਿਲਪਾ ਰਾਣੀ-ਡਾ. ਅਨੁਜੋਤ ਸਿੰਘ ਸੋਨੀ), 'ਲੋਕਤੰਤਰ ਬਨਾਮ ਜਿਸਦੀ ਲਾਠ ਉਸਦੀ ਗਾਂ' 'ਤੇ (ਡਾ. ਸੋਨੀਆ ਦੇਵੀ) ਆਦਿ ਵੱਖ ਵੱਖ ਵਿਧਾਵਾਂ ਅਤੇ ਪੁਸਤਕਾਂ ਉੱਤੇ ਆਲੋਚਨਾ ਲੇਖ ਪ੍ਰਕਾਸ਼ਤ ਹੋਏ ਹਨ। 'ਅਰਮਾਨ' ਪੰਜਾਬੀ ਭਾਸ਼ਾ ਦਾ ਆਨ ਲਾਇਨ ਜਰਨਲ ਹੈ। ਜਿਸ ਦਾ ਨਵ-ਆਲੋਚਨਾ ਦੇ ਖੇਤਰ ਵਿੱਚ ਨਾਂ ਹੈ।

ਅਰਮਾਨ, ਪੰਨੇ : 95 , ਮੁੱਖ ਸੰਪਾਦਕ : ਡਾ. ਸੰਦੀਪ ਸਿੰਘ ਮੁੰਡੇ (ਸੰਪਰਕ : 94136-52646), ਪਤਾ : ਗੁਰੂ ਹਰਗੋਬਿੰਦ ਸਾਹਿਬ ਪੀ. ਜੀ. ਕਾਲਜ, ਸ੍ਰੀ ਗੰਗਾਨਗਰ, ਰਾਜਸਥਾਨ

## ਪ੍ਰਾਇਮਰੀ ਸਿੱਖਿਆ : ਮਾਰਚ, 2025




'ਪ੍ਰਾਇਮਰੀ ਸਿੱਖਿਆ' ਦਾ ਮਾਰਚ ਅੰਕ ਸੁੰਦਰ ਦਿੱਖ ਨਾਲ ਛਪ ਕੇ ਪੁੱਜਾ ਹੈ। ਸੰਪਾਦਕੀ ਰੁੱਤਾਂ, ਤਿਉਹਾਰਾਂ ਤੇ ਮੇਲਿਆਂ ਦੀ ਗੱਲ ਕਰਦੀ ਹੈ। ਹੱਥਲੇ ਅੰਕ ਵਿੱਚ ਪੱਕਾ ਇਰਾਦਾ (ਫ਼ਕੀਰ ਚੰਦ ਸ਼ੁਕਲਾ), ਚੰਗੇ-ਮਾੜੇ ਦੀ ਪਰਖ (ਮਨਮੋਹਨ ਸਿੰਘ ਦਾਊਂ), ਕਿੱਟੀ ਦੀ ਖੀਰ (ਮਨਦੀਪ ਰਿੰਪੀ), ਲਾਲਚ ਬੁਰੀ ਬਲਾ (ਅਵਤਾਰ ਸਿੰਘ ਸੰਧੂ), ਨਕਲ ਨਹੀਂ ਮਿਹਨਤ (ਹਰਿੰਦਰ ਸਿੰਘ ਗੋਗਨਾ), ਸ਼ਰਤ (ਚਰਨਜੀਤ ਸਿੰਘ ਕਤਰਾ), ਚੈਂਪੀਅਨ (ਮਨਮੋਹਨ ਸਿੰਘ ਭੱਲੜੀ) ਆਦਿ ਰੌਚਿਕ ਬਾਲ ਕਹਾਣੀ ਪ੍ਰਕਾਸ਼ਤ ਹੋਈਆਂ ਹਨ। ਤਸਵੀਰਾਂ ਨਾਲ ਕੁਝ ਕਵਿਤਾਵਾਂ ਤੇ ਲੇਖ ਵੀ ਇਸ ਅੰਕ ਵਿੱਚ ਛਪੇ ਹਨ। ਰਸਾਲਾ ਪਹਿਲਾਂ ਵਾਂਗ ਸੁੰਦਰ ਦਿੱਖ ਵਾਲਾ ਹੈ।

ਪ੍ਰਾਇਮਰੀ ਸਿੱਖਿਆ, ਮੁੱਲ : 20 ਰੁਪਏ, ਪੰਨੇ : 36, ਸੰਪਾਦਕ : ਪਰਮਿੰਦਰ ਕੌਰ (ਸੰਪਰਕ : 0172-5227395)

## ਸ਼ਬਦ ਤ੍ਰਿੰਜਣ : ਹਾਸ-ਵਿਅੰਗ ਮੈਗਜ਼ੀਨ

'ਸ਼ਬਦ ਤ੍ਰਿੰਜਣ' ਦਾ ਜਨਵਰੀ-ਮਾਰਚ, 2025 ਅੰਕ ਦੀ ਸੰਪਾਦਕੀ




ਵਿਅੰਗਕਾਰਾਂ ਦੀ ਨਜ਼ਰ ਵਿੱਚ ਬੱਜਟ ਰੌਚਿਕ ਹੈ। ਹੱਥਲੇ ਅੰਕ ਵਿੱਚ ਮੰਗਤ ਕੁਲਜਿੰਦ (ਜਦੋਂ ਅਸੀਂ ਬੈਂਕ ਖੋਲ੍ਹਿਆ), ਜਗਜੀਤ ਸਿੰਘ ਝੱਤਰਾ (ਕੁੜਮੋ ਕੁੜਮੀ), ਜਸਵੀਰ ਸਿੰਘ ਭਲੂਰੀਆ (ਚਿੱਚੜ), ਬਿਕਰਮਜੀਤ ਨੂਰ (ਮਰਦਾਨਗੀ ), ਤਰਸੇਮ ਸਿੰਘ ਭੰਗੂ (ਵਿਹਲੜ ਟੈਕਸ), ਮਾਲਵਿੰਦਰ ਸ਼ਾਇਰ (ਛੜਿਆ ਦੱਬ ਰਜਾਈ), ਸੁਭਾਸ਼ ਸ਼ਰਮਾ (ਸ਼ੇਦੀ ਲਾਲ), ਇੰਦਰਜੀਤ ਕੌਰ (ਰਾਜਾ ਰੱਬ), ਸੁਖਦੇਵ ਔਲਖ (ਬਿਪਤਾ) ਪੜ੍ਹਨਯੋਗ ਵਿਅੰਗ ਪ੍ਰਕਾਸ਼ਤ ਕੀਤੇ ਹਨ। ਨੂਰ ਸੰਤੋਖਪੁਰੀ ਦੀ ਬਾਲ ਕਹਾਣੀ 'ਸਿਫ਼ਰਾਂ ਦਾ ਮਾਇਆਜਾਲ' ਵੀ ਛਪੀ ਹੈ। ਇਸ ਤੋਂ ਇਲਾਵਾ ਵਿਅੰਗ, ਕਾਵਿ ਵਿਅੰਗ-ਹਾਸਰਸੀ ਕਵਿਤਾਵਾਂ ਵੱਡੀ ਗਿਣਤੀ ਵਿੱਚ ਛਾਪੇ ਗਏ ਹਨ। ਅੰਤ ਵਿੱਚ ਵਿਅੰਗ ਚੌਂਕੇ ਤੇ ਪੁਸਤਕ ਰੀਵਿਊ ਵੀ ਪਰਚੇ ਨੂੰ ਚਾਰ ਚੰਦ ਲਾਉਂਦੇ ਹਨ। ਸੰਪਾਦਕੀ ਅਮਲਾ ਪਰਚੇ 'ਤੇ ਕਾਫੀ ਮਿਹਨਤ ਕਰਦਾ ਹੈ।

ਸ਼ਬਦ ਤ੍ਰਿੰਜਣ, ਮੁੱਲ : 30 ਰੁਪਏ, ਪੰਨੇ : 48, ਸੰਪਾਦਕ : ਮੰਗਤ ਰਾਏ ਮਿੱਤਲ (ਸੰਪਰਕ 94177-53892)

## ਰਸਾਲਿਆਂ ਦੇ ਕੁਝ ਨਵੇਂ ਅੰਕ-

**ਲੋਕ ਲਹਿਰ**, ਮਾਰਚ, 2025 ਕੀਮਤ : 20 ਰੁਪਏ, ਪੰਨੇ : 48, ਹੱਥਲੇ ਅੰਕ ਵਿੱਚ 24 ਵੀਂ ਪਾਰਟੀ ਕਾਂਗਰਸ ਸੀ. ਪੀ. ਆਈ (ਐਮ) ਦਾ ਰਾਜਨੀਤਕ ਮਤੇ ਦਾ ਖਰੜਾ ਪ੍ਰਕਾਸ਼ਤ ਕੀਤਾ ਗਿਆ ਹੈ। ਸੰਪਾਦਕ : ਲਹਿੰਬਰ ਸਿੰਘ ਤੱਗੜ (ਸੰਪਰਕ : 0172-2657429)

**ਵਰਿਆਮ**, ਮਾਰਚ, 2025, ਕੀਮਤ : 40 ਰੁਪਏ, ਪੰਨੇ : 46, ਹੱਥਲੇ ਅੰਕ ਵਿੱਚ ਵੱਖ ਵੱਖ ਵਿਧਾ ਉੱਤੇ ਧਾਰਮਿਕ, ਸਾਹਿਤਕ ਮੈਟਰ ਪ੍ਰਕਾਸ਼ਤ ਕੀਤਾ ਗਿਆ ਹੈ। ਕੂਕਾ ਲਹਿਰ, ਸੁਤੰਤਰਤਾ ਸੰਗਰਾਮੀ ਲਹਿਰ, ਜ਼ਾਕਿਰ ਹੁਸੈਨ ਬਾਰੇ ਲੇਖ ਛਪੇ ਹਨ। ਸੰਪਾਦਕ : ਡਾ. ਰਜਵੰਤ ਕੌਰ (98786-16996)

**ਵੈਟਨਰੀ ਖ਼ਬਰਨਾਮਾ**, ਜਨਵਰੀ-ਫਰਵਰੀ, 2025, ਕੀਮਤ : 20 ਰੁਪਏ, ਪੰਨੇ : 36, ਹੱਥਲੇ ਅੰਕ ਵਿੱਚ ਆਮਦਨ ਕਰ ਢਾਂਚਾ, ਪਸ਼ੂ ਹਸਪਤਾਲ ਜਗਰਾਉਂ, ਪਸ਼ੂ ਰੋਗਾਂ ਸੰਬੰਧੀ ਲੇਖ ਛਪੇ ਹਨ। ਸੰਪਾਦਕ : ਬਿਹਾਰੀ ਲਾਲ ਛਾਬੜਾ (ਸੰਪਰਕ : 94170-14931)

**ਗੁਰਮਤਿ ਪ੍ਰਕਾਸ਼**, ਮਾਰਚ, 2025, ਕੀਮਤ : 5 ਰੁਪਏ, ਪੰਨੇ : 106, ਹੱਥਲੇ ਅੰਕ ਵਿੱਚ ਅਨੰਦਪੁਰ ਦੇ ਪੰਜ ਕਿਲ੍ਹੇ, ਗਾਥਾ ਖਾਲਸਾ ਕਾਲਜ ਬੰਬਈ, ਧਰਮ ਯੁੱਧ ਕਲਾ ਪੜ੍ਹਨਯੋਗ ਲੇਖ ਹਨ। (ਸੰਪਾਦਕ : ਸਤਵਿੰਦਰ ਸਿੰਘ, ਸੰਪਰਕ : 0183-2553956)

*- ਭਗਵੰਤ ਰਸੂਲਪੁਰੀ*

16-March-Sunday.qxd 3/15/2025 11:16 PM Page 3



# ਅਮਰਜੀਤ ਕੌਂਕੇ ਦੀਆਂ ਨਵੀਆਂ ਕਵਿਤਾਵਾਂ



## ਇੱਕ ਬਲਦੀ ਦੁਪਹਿਰ

ਇਹ ਮਹਾਨ ਦੇਸ਼
ਇਹ ਵੇਦਾਂ ਦੀ ਧਰਤੀ
ਗੰਗਾ ਜਮੁਨਾ ਹਿਮਾਲਾ ਦੀ ਵਿਰਾਸਤ
ਹੜੱਪਾ ਮਹਿੰਜੋਦੜੋ ਜਿਹੀਆਂ
ਸੱਭਿਆਤਾਵਾਂ ਦੀ ਜਨਮਦਾਤਾ

ਇਸੇ ਮਹਾਨ ਦੇਸ਼ ਦੀ
ਇੱਕ ਸਿਖਰ ਬਲਦੀ ਦੁਪਹਿਰ
ਅੱਗ ਵਰ੍ਹਾਉਂਦਾ ਸੂਰਜ
ਇਕ ਆਦਮੀ
ਆਪਣੇ ਮੋਢੇ 'ਤੇ ਚੁੱਕੀ ਜਾ ਰਿਹਾ
ਆਪਣੀ ਪਤਨੀ ਦੀ ਲਾਸ਼
ਨਾਲ ਬੱਚੀ ਉਸ ਦੀ ਛੋਟੀ ਜਿਹੀ
ਜ਼ਾਰੋ ਜ਼ਾਰ ਅੱਥਰੂ ਕਰਦੀ

ਦੇਖ ਰਹੀ ਮੇਰੇ ਦੇਸ਼ ਦੀ ਜਨਤਾ
ਇਹ ਰਿਸ਼ੀਆਂ ਮੁਨੀਆਂ,
ਮਹਾਭਾਰਤ ਰਾਮਾਇਣ ਜਿਹੇ ਗ੍ਰੰਥਾਂ ਦੀ
ਧਰਤੀ ਦੀ ਵਾਰਿਸ
ਮੇਰੇ ਦੇਸ਼ ਦੀ ਜਨਤਾ
ਤੱਕ ਰਹੀ ਉਸ ਨੂੰ
ਬੇਲਾਗ ਸੰਵੇਦਨਹੀਣ ਹੋ ਕੇ
ਦੇਖ ਰਹੀ ਮੇਰੇ ਦੇਸ਼ ਦੀ ਜਨਤਾ
ਉਸ ਲਾਚਾਰ ਬੇਵੱਸ ਵਿਅਕਤੀ ਨੂੰ
ਐਂਬੂਲੈਂਸ ਲਈ ਪੈਸੇ ਨਹੀਂ ਜਿਸ ਕੋਲ
ਆਪਣੀ ਪਤਨੀ ਦੀ ਲਾਸ਼
ਲੈ ਕੇ ਜਾਣ ਲਈ
ਮੋਢਿਆਂ 'ਤੇ ਚੁੱਕੀ ਜਾ ਰਿਹਾ
ਜੋ ਆਪਣੀ ਬੀਵੀ ਦੀ ਲਾਸ਼....

ਪਰ ਉਸ ਦੇ ਮੋਢੇ 'ਤੇ
ਸਿਰਫ ਉਸ ਦੀ
ਬੀਵੀ ਦੀ ਲਾਸ਼ ਨਹੀਂ
ਅਣਗਿਣਤ ਲਾਸ਼ਾਂ ਨੇ
ਉਸ ਦੇ ਮੋਢਿਆਂ 'ਤੇ
ਇਸ ਮਹਾਨ ਦੇਸ਼ ਦੇ ਸੱਭਿਆਚਾਰ ਦੀਆਂ
ਸੰਸਕ੍ਰਿਤੀ ਦੀਆਂ
ਮਰ ਚੁੱਕੀ ਇਨਸਾਨੀਅਤ
ਬੇਜਾਨ ਹੋਈ ਸੰਵੇਦਨਾ

ਇਤਿਹਾਸ ਮਿਥਿਹਾਸ ਦੀਆਂ
ਅਣਗਿਣਤ ਲਾਸ਼ਾਂ ਨੇ
ਉਸ ਦੇ ਮੋਢਿਆਂ 'ਤੇ
ਜੋ ਕਿਸੇ ਨੂੰ ਦਿਸ ਨਹੀਂ ਰਹੀਆਂ
ਜਿਨ੍ਹਾਂ ਦੀ ਫੋਟੋ ਕਿਸੇ
ਕੈਮਰੇ ਵਿਚ ਨਹੀਂ ਆ ਰਹੀ

ਸਿਖਰ ਬਲਦੀ ਦੁਪਹਿਰ
ਆਪਣੇ ਮੋਢਿਆਂ 'ਤੇ
ਇਕੱਲਾ ਚੁੱਕੀ ਜਾ ਰਿਹਾ
ਇਕ ਲਾਚਾਰ ਇਨਸਾਨ
ਆਪਣੀ ਪਤਨੀ ਦੀ ਲਾਸ਼
ਨਾਲ ਬੱਚੀ ਉਸ ਦੀ
ਜ਼ਾਰੋ ਜ਼ਾਰ ਅੱਥਰੂ ਕੇਰਦੀ
ਦੇਸ਼ ਦੀ ਜਨਤਾ ਤੱਕ ਰਹੀ ਉਸ ਨੂੰ
ਫੋਟੋਆਂ ਖਿੱਚ ਰਹੀ
ਫੇਸਬੁੱਕ 'ਤੇ ਪਾ ਰਹੀ.........

## ਵਿਰਲਾਪ

ਉਹ ਤਾਂ ਜਾਨਵਰ ਸੀ
ਹਥਣੀ ਸੀ ਇੱਕ ਗਰਭਵਤੀ
ਪੇਟ ਵਿਚ ਬੱਚਾ ਭੁੱਖਾ
ਮੰਗ ਰਿਹਾ ਹੋਵੇਗਾ ਭੋਜਨ

ਮਾਂ ਸੀ
ਆਪਣੀ ਭੁੱਖ ਤਾਂ ਬਰਦਾਸ਼ਤ ਕਰ ਲੈਂਦੀ
ਪੇਟ ਵਿੱਚ
ਆਪਣੇ ਬੱਚੇ ਦਾ ਤੜਫਣਾ
ਕਿਵੇਂ ਸਹਿਣ ਕਰਦੀ

ਬਸਤੀ ਵਿੱਚ ਤੁਰ ਆਈ
ਥੋੜ੍ਹੇ ਜਿਹੇ ਭੋਜਨ ਦੀ ਤਲਾਸ਼ ਵਿਚ
ਭੋਜਨ ਤਾਂ ਮਿਲਿਆ
ਬਸਤੀ ਵਿੱਚ
ਇੱਕ ਅਨਾਨਾਸ
ਪਰ ਮੂੰਹ ਵਿਚ ਜਾਂਦੇ ਹੀ
ਵਿਸਫੋਟ ਬਣ ਗਿਆ
ਫਟ ਗਿਆ ਜੁਬਾੜ੍ਹਾ

ਅੱਖਾਂ ਪਾਟੀਆਂ ਰਹਿ ਗਈਆਂ
ਇਹੀ ਦੇਸ਼ ਸੀ ਕੀ
ਬੁੱਧ ਦਾ
ਨਾਨਕ ਦਾ
ਮਹਾਵੀਰ ਦਾ
ਕ੍ਰਿਸ਼ਨ ਦਾ
ਰਾਮ ਦਾ
ਉਸ ਦੇ ਅੰਦਰ ਬੈਠੀ
ਆਤਮਾ ਨੇ ਪਲ ਭਰ ਲਈ
ਪੁੱਛਿਆ ਤਾਂ ਹੋਵੇਗਾ ਜ਼ਰੂਰ

ਲਹੂ-ਲੁਹਾਨ ਜੁਬਾੜ੍ਹਾ ਲੈ ਕੇ ਭੱਜੀ
ਪਹੁੰਚੀ ਝੀਲ ਵਿੱਚ
ਪਾਣੀ ਵਿੱਚ ਡੁਬੋਇਆ ਮੂੰਹ ਆਪਣਾ
ਸ਼ਰਮਸਾਰ ਹੋ ਕੇ ਇਨਸਾਨੀਅਤ ਤੋਂ
ਰੋਈ ਹੋਵੇਗੀ ਬਹੁਤ

ਪਾਣੀ ਵਿਚ ਸੀ
ਅੱਥਰੂ ਨਜ਼ਰ ਨਹੀਂ ਆਏ ਕਿਸੇ ਨੂੰ
ਗਰਭ ਵਿਚਲੇ ਬੱਚੇ ਨੇ ਸੁਣਿਆ ਹੋਵੇਗਾ
ਮਾਂ ਦਾ ਦਰਦਨਾਕ ਵਿਰਲਾਪ
ਬਹੁਤ ਵਿਰਲਾਪ ਕੀਤਾ ਹੋਵੇਗਾ
ਉਸ ਗਰਭਵਤੀ ਹਥਣੀ ਨੇ
ਆਪਣੀਆਂ ਮਾਸੂਮ ਮੋਟੀਆਂ ਮੋਟੀਆਂ ਅੱਖਾਂ ਵਿਚੋਂ
ਬਹੁਤ ਕੇਰੇ ਹੋਣਗੇ ਅੱਥਰੂ

ਬਹੁਤ ਵਿਰਲਾਪ ਕੀਤਾ ਹੋਵੇਗਾ
ਆਪਣੇ ਦਰਦ ਦੇ ਲਈ ਨਹੀਂ
ਆਪਣੇ ਉਸ ਬੱਚੇ ਦੀ ਮੌਤ 'ਤੇ ਵੀ ਨਹੀਂ
ਜਿਸ ਨੇ ਅਜੇ ਇਸ ਧਰਤੀ 'ਤੇ ਜਨਮ ਲੈਣਾ ਸੀ

ਵਿਰਲਾਪ ਕੀਤਾ ਹੋਵੇਗਾ ਉਸ ਨੇ
ਉਸ ਵਹਿਸ਼ੀ ਭੀੜ ਦੇ ਲਈ
ਜਿਸ ਨੇ ਅਨਾਨਾਸ ਵਿੱਚ ਬਾਰੂਦ ਭਰ ਕੇ
ਤੁੰਨ ਦਿੱਤਾ ਉਸ ਦੇ ਮੂੰਹ ਵਿੱਚ.....

ਉਸ ਨੇ ਵਿਰਲਾਪ ਕੀਤਾ ਹੋਵੇਗਾ
ਇਸ ਧਰਤੀ ਦੇ ਲਈ
ਧਰਤੀ 'ਤੇ ਰਹਿੰਦੇ
ਜਾਨਵਰਾਂ ਤੋਂ ਵੀ ਖੂੰਖਾਰ
ਇਨਸਾਨ ਦੇ ਲਈ

ਮਰਨ ਤੋਂ ਪਹਿਲਾਂ
ਉਸ ਮਾਸੂਮ ਜਾਨਵਰ ਨੇ
ਵਿਰਲਾਪ ਕੀਤਾ ਹੋਵੇਗਾ ਬਹੁਤ
ਆਦਮੀ 'ਤੇ
ਆਪਣੇ ਵਿਸ਼ਵਾਸ ਦੇ ਲਈ....

## ਫੌਜੀ ਸਾਹਮਣੇ ਮੁੱਕਾ ਤਾਣ ਕੇ ਖੜ੍ਹੀ ਕੁੜੀ

ਅੱਖਾਂ ਵਿੱਚ ਅੰਤਾਂ ਦੀ ਨਫ਼ਰਤ ਭਰੀ
ਬੰਦੂਕ ਵਾਲੇ ਫੌਜੀ ਦੀਆਂ ਅੱਖਾਂ ਵਿੱਚ ਅੱਖਾਂ ਪਾਈ
ਉਸ ਸਾਹਮਣੇ ਕਿਸੇ ਥੰਮ੍ਹ ਵਾਂਗ ਅੜੀ
ਉਸ ਨੂੰ ਗਾਹਲਾਂ ਕੱਢਦੀ
ਮੁੱਕਾ ਤਾਣ ਕੇ ਖੜ੍ਹੀ
ਐ ਨਿੱਕੀ ਜਿਹੀ ਕੁੜੀਏ !
ਮੈਂ ਤੇਰੇ ਨਾਲ ਹਾਂ

ਮੈਂ ਤੇਰੇ ਨਾਲ ਹਾਂ
ਤੇਰੀਆਂ ਅੱਖਾਂ ਵਿੱਚ ਇਸ ਵੇਲੇ
ਸਾਰੀ ਦੁਨੀਆ ਦੀਆਂ
ਉਨ੍ਹਾਂ ਅੱਖਾਂ ਦੀ ਲਾਲੀ ਹੈ
ਜਿਨ੍ਹਾਂ ਦਾ ਜਿਉਣਾ
ਇਨ੍ਹਾਂ ਜੰਗਬਾਜ਼ ਲੁਟੇਰਿਆਂ ਨੇ
ਹਰਾਮ ਕਰ ਦਿੱਤਾ ਹੈ

ਤੇਰੇ ਤਣੇ ਹੋਏ ਮੁੱਕੇ ਵਿੱਚ ਦੁਨੀਆ ਭਰ ਦੇ
ਦਰੜੇ ਜਾ ਰਹੇ ਉਨ੍ਹਾਂ ਲੋਕਾਂ ਦਾ ਰੋਹ ਹੈ
ਜਿਹੜੇ ਬਿਨਾਂ ਕਸੂਰ ਇਨ੍ਹਾਂ ਹੈਂਕੜਬਾਜ਼ਾਂ ਦੇ
ਹਥਿਆਰਾਂ ਦਾ ਸ਼ਿਕਾਰ ਹੋ ਰਹੇ ਹਨ

ਹੌਲੀ ਹੌਲੀ ਤੇਰੇ ਨਾਲ ਇੱਕ ਦਿਨ
ਲੋਕਾਂ ਦਾ ਇੱਕ ਵੱਡਾ
ਹਜੂਮ ਖੜ੍ਹਾ ਹੋਵੇਗਾ
ਜਿਹੜਾ ਹਥਿਆਰਬੰਦ ਫੌਜਾਂ ਦੀਆਂ
ਅੱਖਾਂ ਵਿੱਚ ਅੱਖਾਂ ਪਾ ਕੇ ਉਨ੍ਹਾਂ ਨੂੰ ਲਾਹਨਤ ਕਹੇਗਾ
ਲੋਕਾਂ ਦੀਆਂ ਅੱਖਾਂ ਵਿੱਚੋਂ ਨਿਕਲੇ ਅੰਗਾਰੇ
ਇਨ੍ਹਾਂ ਜਾਬਰ ਬੰਦੂਕਾਂ ਦਾ ਮੂੰਹ ਮੋੜ ਦੇਣਗੇ

ਆਪਣੇ ਇਸ ਰੋਹ ਨੂੰ
ਇਸੇ ਤਰ੍ਹਾਂ ਆਪਣੇ ਅੰਦਰ
ਪਲਦਾ ਰਹਿਣ ਦੇਵੀਂ
ਉਦੋਂ ਤੱਕ ਜਦੋਂ ਤੱਕ
ਲੋਕਾਂ ਦਾ ਇੱਕ ਲੰਬਾ ਕਾਫਲਾ
ਤੇਰੇ ਨਾਲ ਨਹੀਂ ਰਲ ਜਾਂਦਾ
ਵਿਦਰੋਹ ਦੀ ਏਸ ਜਵਾਲਾ ਨੂੰ
ਬੁਝਣ ਨਾ ਦੇਵੀਂ

ਹਥਿਆਰਬੰਦ ਫੌਜੀ ਦੀਆਂ
ਅੱਖਾਂ ਵਿੱਚ ਅੱਖਾਂ ਪਾਈ ਮੁੱਕਾ ਵੱਟ ਕੇ ਖੜ੍ਹੀ
ਨਿੱਕੀ ਜਿਹੀ ਕੁੜੀਏ !
ਮੈਂ ਇਸ ਪਲ ਤੇਰੇ ਨਾਲ ਹਾਂ......

## ਭਾਸ਼ਾ

ਆਦਿ ਕਾਲ ਤੋਂ ਬਣੀ ਭਾਸ਼ਾ
ਜਿਵੇਂ ਹੋਰ ਔਜ਼ਾਰ ਬਣੇ
ਪਹੀਏ ਦੀ ਹੋਈ ਖੋਜ
ਜਿਵੇਂ ਮਨੁੱਖ ਨੇ ਸਿਰਜੀ ਭਾਸ਼ਾ

ਅਹਿਸਾਸਾਂ ਨੂੰ
ਆਪਣੀਆਂ ਭਾਵਨਾਵਾਂ ਨੂੰ
ਸ਼ਬਦਾਂ 'ਚ ਪਰੋ ਕੇ
ਕਿੰਨਾ ਖੁਸ਼ ਹੋਇਆ ਹੋਵੇਗਾ ਮਨੁੱਖ

ਫੇਰ ਕਿੰਨਾ ਕੁਝ ਰਚਿਆ ਗਿਆ
ਭਾਸ਼ਾ ਵਿੱਚ
ਕਿੰਨੇ ਗ੍ਰੰਥ, ਵੇਦ, ਪੁਰਾਣ, ਸਿਮਰਤੀਆਂ
ਵਿਗਸੀਆਂ ਸਭਿਅਤਾਵਾਂ
ਰਹੀਆਂ ਵਿਨਸਦੀਆਂ

ਪਰ ਭਾਸ਼ਾ ਹੈਰਾਨ ਹੈ ਹੁਣ
ਕਿਵੇਂ ਦੇ ਆਏ ਲੋਕ
ਜੋ ਭਾਸ਼ਾ ਦੇ ਅੰਗਾਂ ਨੂੰ
ਕੱਟਣ ਵੱਢਣ ਲੱਗੇ
ਸਿਹਾਰੀਆਂ ਬਿਹਾਰੀਆਂ
ਬਿੰਦੀਆਂ ਟਿੱਪੀਆਂ ਔਂਕੜ ਦੁਲੈਂਕੜ
ਹੋੜੇ ਕਨੌੜੇ
ਸਭ ਅਸਤ ਵਿਅਸਤ
ਹਵਾ 'ਚ ਉੱਡ ਰਹੇ

ਹੈਰਾਨ ਹੈ ਭਾਸ਼ਾ
ਕਿਹੋ ਜਿਹਾ ਬਣ ਗਿਆ ਮਨੁੱਖ
ਭਾਸ਼ਾ ਦੇ ਅੰਗਾਂ ਨੂੰ ਕੱਟਣ ਵੱਢਣ ਲੱਗਿਆ
ਜਿਸ ਕੌਮ ਦੀ ਭਾਸ਼ਾ ਮਰਨ ਲੱਗਦੀ
ਉਸ ਕੌਮ ਦਾ ਅੰਤ
ਬਹੁਤ ਦੂਰ ਨਾ ਹੁੰਦਾ......

## ਘਰ ਤੁਹਾਨੂੰ ਉਡੀਕਦੇ ਹਨ

ਕਿਸੇ ਮਜਬੂਰੀ ਵਿਚ
ਜਾਂ ਕਿਸੇ ਲਾਲਸਾ ਅਧੀਨ
ਚੰਗੇਰੇ ਭਵਿੱਖ ਦੀ ਤਲਾਸ਼ 'ਚ
ਜਾਂ ਬੱਚਿਆਂ ਦਾ
ਬੇਹਤਰ ਮੁਸਤਕਬਿਲ ਬਣਾਉਣ ਦੇ ਲਈ
ਤੁਸੀਂ ਜੋ
ਆਪਣੇ ਵੱਸਦੇ ਘਰਾਂ ਨੂੰ ਛੱਡ ਕੇ ਤੁਰ ਗਏ
ਦੋਸਤੋ !
ਉਹ ਘਰ ਤੁਹਾਨੂੰ ਉਡੀਕਦੇ ਨੇ......

ਘਰ ਤੁਹਾਨੂੰ ਉਡੀਕਦੇ ਨੇ
ਉਹ ਇੱਟਾਂ
ਜਿਨ੍ਹਾਂ ਨੂੰ ਤੁਸੀਂ ਜਾਂ
ਤੁਹਾਡੇ ਪੁਰਖਿਆਂ ਨੇ
ਆਪਣੇ ਖੂਨ ਪਸੀਨੇ ਨਾਲ ਚਿਣਿਆ
ਉਹ ਕੰਧਾਂ
ਜਿਨ੍ਹਾਂ ਵਿਚ ਤੁਹਾਡੀ ਮਿਹਨਤ ਦਾ
ਮਿੱਟੀ ਤੇ ਗਾਰਾ ਲੱਗਿਆ
ਉਹ ਛੱਤਾਂ
ਜਿਨ੍ਹਾਂ ਥੱਲੇ ਤੁਸੀਂ
ਜੀਵਨ ਦੀਆਂ ਕਿੰਨੀਆਂ ਹੀ ਤਲਖ਼ ਧੁੱਪਾਂ
ਕਿੰਨੀਆਂ ਹੀ ਬਰਸਾਤਾਂ ਵਿਚ
ਸੁੱਖ ਦੀ ਨੀਂਦ ਸੌਂਦੇ ਰਹੇ
ਉਹ ਘਰ ਤੁਹਾਨੂੰ ਉਡੀਕਦੇ ਨੇ.....

ਉਹ ਘਰ
ਤੁਹਾਨੂੰ ਉਡੀਕਦੇ ਨੇ
ਜਿਨ੍ਹਾਂ ਨਾਲ ਤੁਹਾਡੇ
ਕਿੰਨੇ ਦੁੱਖ ਸਾਂਝੇ
ਕਿੰਨੇ ਸੁੱਖ
ਘਰ ਤੁਹਾਡੇ ਸੁੱਖਾਂ ਵਿਚ
ਤੁਹਾਡੇ ਨਾਲ ਖਿੜਖਿੜਾਏ
ਦੁੱਖਾਂ ਵਿਚ ਤੁਹਾਡੇ ਨਾਲ
ਫੁੱਟ ਫੁੱਟ ਕੇ ਰੋਏ
ਇਨ੍ਹਾਂ ਘਰਾਂ ਵਿਚ ਹੀ
ਤੁਸੀਂ ਆਪਣੇ ਚੰਗੇਰੇ ਭਵਿੱਖ ਦੇ
ਕਿੰਨੇ ਸੁਪਨੇ ਸੰਜੋਏ

ਕਦੇ ਇਹਨਾਂ ਘਰਾਂ ਵਿਚ
ਲੋਹੜੀਆਂ ਵਿਚ ਧੂਣੀ ਮਘਦੀ ਸੀ
ਹੋਲੀ ਵਿਚ ਕਿੰਨੀਆਂ ਰੰਗੋਲੀਆਂ
ਖਿੜਦੀਆਂ ਸਨ
ਦੀਵਾਲੀ ਨੂੰ ਬਨੇਰਿਆਂ 'ਤੇ
ਚਿਰਾਗ ਜਗਦੇ ਸਨ
ਕਦੇ ਇਹਨਾਂ ਘਰਾਂ ਵਿਚ
ਹਾਸਿਆਂ ਦੇ ਨਿਰਮਲ ਦਰਿਆ ਵਗਦੇ ਸਨ
ਅੱਜ ਇਹਨਾਂ ਘਰਾਂ ਦੀਆਂ
ਲੋਹੜੀਆਂ ਹੋਲੀਆਂ ਦੀਵਾਲੀਆਂ
ਤੁਹਾਨੂੰ ਉਡੀਕਦੀਆਂ ਹਨ

ਘਰਾਂ ਨੂੰ ਅਲਵਿਦਾ ਕਹਿ ਕੇ
ਤੁਰ ਗਏ ਦੋਸਤੋ
ਇਹ ਘਰ ਅੱਜ
ਤੁਹਾਡੇ ਹਾਸਿਆਂ ਤੋਂ ਬਿਨਾਂ ਉਦਾਸ ਹਨ
ਤੁਹਾਡੀਆਂ ਅਵਾਜ਼ਾਂ ਦੀ ਸਰਗਮ ਤੋਂ ਬਿਨਾਂ
ਨਿਰਾਸ਼ ਹਨ

ਘਰ ਤੁਹਾਨੂੰ ਉਡੀਕਦੇ ਹਨ
ਵੱਸਦੇ ਘਰਾਂ ਨੂੰ
ਛੱਡ ਕੇ ਤੁਰ ਗਏ ਦੋਸਤੋ
ਹੋ ਸਕੇ ਤਾਂ
ਘਰਾਂ ਨੂੰ ਪਰਤ ਆਓ..........
ਉਹ ਘਰ ਤੁਹਾਨੂੰ ਉਡੀਕਦੇ ਹਨ.......

ਮੋਬਾ. : 98142-31698

# ਸ਼ਹੀਦ ਗ਼ਦਰੀ ਹਾਫ਼ਿਜ਼ ਅਬਦੁੱਲਾ ਦੀ ਸ਼ਹੀਦੀ ਦੀ ਗਾਥਾ

ਪਿਰਥੀਪਾਲ ਸਿੰਘ ਮਾੜੀਮੇਘਾ

ਬਰਤਾਨਵੀ ਹਕੂਮਤ ਗ਼ਦਰੀ ਦੇਸ਼ ਭਗਤਾਂ 'ਤੇ ਝੂਠੇ ਕੇਸ ਪਾ ਕੇ ਗਦਰ ਲਹਿਰ ਦਾ ਨਾਮੋ-ਨਿਸ਼ਾਨ ਖ਼ਤਮ ਕਰਨ 'ਤੇ ਤੁਲੀ ਹੋਈ ਸੀ। ਗਦਰੀ ਹਾਫ਼ਿਜ਼ ਅਬਦੁੱਲਾ ਨੇ ਹਿੰਦੁਸਤਾਨ ਦੀ ਧਰਤੀ 'ਤੇ ਪੈਰ ਵੀ ਨਹੀਂ ਸੀ ਰੱਖਿਆ, ਪਰ ਉਸ 'ਤੇ ਫਰਜ਼ੀ ਕੇਸ ਪਾ ਕੇ ਉਸ ਨੂੰ ਉਮਰ ਕੈਦ ਦੀ ਸਜ਼ਾ ਦੇ ਦਿੱਤੀ ਗਈ ਸੀ। ਗ਼ਦਰੀ ਬਾਬਾ ਗੁੱਜਰ ਸਿੰਘ ਭਕਨਾ ਪਹਿਲੇ ਕੇਸ 'ਚੋਂ ਬਰੀ ਹੋ ਗਏ ਸਨ ਅਤੇ ਉਨ੍ਹਾਂ ਨੂੰ ਦੂਜੇ ਝੂਠੇ ਕੇਸ ਵਿੱਚ ਫਸਾ ਲਿਆ ਗਿਆ। ਪਹਿਲੇ ਕੇਸ ਵਿੱਚ ਪਿੰਡ ਭਕਨਾ ਦੇ ਨੰਬਰਦਾਰ ਨੇ ਉਨ੍ਹਾਂ ਵਿਰੁੱਧ ਗਵਾਹੀ ਦਿੱਤੀ ਸੀ ਅਤੇ ਦੂਜੇ ਕੇਸ ਵਿੱਚ ਵੀ ਉਹ ਹੀ ਨੰਬਰਦਾਰ ਗਵਾਹੀ ਦੇਣ ਆ ਗਿਆ। ਅਦਾਲਤ ਦੇ ਜੱਜ ਨੇ ਨੰਬਰਦਾਰ ਨੂੰ ਦੁਬਾਰਾ ਗਵਾਹੀ ਦੇਣ ਦਾ ਕਾਰਨ ਪੁੱਛਿਆ ਤੇ ਨੰਬਰਦਾਰ ਨੇ ਕਿਹਾ, 'ਜਿਸ ਤਰ੍ਹਾਂ ਮੈਨੂੰ ਪੁਲਸ ਨੇ ਆਖਿਆ ਹੈ, ਮੈਂ ਆ ਗਿਆ ਤਾਂ ਉਹ ਹੀ ਕਹਿ ਦਿੱਤਾ ਹੈ।' ਜੱਜਾਂ ਨੇ ਫਿਰ ਵੀ ਬੇਸ਼ਰਮੀ ਨਾਲ ਬਾਬਾ ਗੁੱਜਰ ਸਿੰਘ ਭਕਨਾ ਨੂੰ ਉਮਰ ਕੈਦ ਦੀ ਸਜ਼ਾ ਦੇ ਦਿੱਤੀ। ਇਸੇ ਤਰ੍ਹਾਂ ਗ਼ਦਰੀ ਗੁਰਮੁਖ ਸਿੰਘ ਲਲਤੋਂ ਦੀ ਗ੍ਰਿਫ਼ਤਾਰੀ 20 ਫਰਵਰੀ 1915 ਨੂੰ ਲਾਹੌਰ ਦੇ ਗਦਰ ਪਾਰਟੀ ਵਾਲੇ ਮਕਾਨ ਤੋਂ ਪਾਈ ਗਈ ਅਤੇ ਨਾਲ ਹੀ 20-21 ਫਰਵਰੀ 1915 ਵਾਲੇ ਦਿਨ ਦੋਰਾਹੇ ਪੁਲ 'ਤੇ ਬੰਬ ਲਿਜਾਂਦਿਆਂ ਫੜੇ ਗਏ ਦਾ ਕੇਸ ਵੀ ਪਾ ਦਿੱਤਾ। ਹਕੀਕਤ ਵਿੱਚ ਗ਼ਦਰੀਆਂ ਨਾਲ ਇਹ ਘਿਨਾਉਣਾ ਵਰਤਾਰਾ ਅੰਗਰੇਜ਼ ਹਾਕਮ ਸਰ ਮਾਈਕਲ ਉਡਵਾਇਰ ਦੀਆਂ ਹਦਾਇਤਾਂ 'ਤੇ ਹੋ ਰਿਹਾ ਸੀ।

ਹਾਫ਼ਿਜ਼ ਅਬਦੁੱਲਾ ਮਨੀਲਾ ਵਿੱਚ ਕੰਮ ਕਰਦੇ ਹਿੰਦੀ ਕਿਰਤੀਆਂ ਵੱਲੋਂ ਸਥਾਪਤ ਕੀਤੀ ਗਈ ਗਦਰ ਪਾਰਟੀ ਦੇ ਪ੍ਰਧਾਨ ਸਨ। ਗਦਰ ਪਾਰਟੀ ਦੇ ਹੈੱਡਕੁਆਰਟਰ ਅਮਰੀਕਾ ਦੇ ਫੈਸਲੇ ਅਨੁਸਾਰ ਗ਼ਦਰੀਆਂ ਦੇ ਜਥੇ ਵਿਦੇਸ਼ਾਂ ਤੋਂ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਭਾਰਤ ਨੂੰ ਆ ਰਹੇ ਸਨ ਤੇ ਜਹਾਜ਼ ਫਿਲਪਾਈਨ ਦੇਸ਼ ਦੀ ਮਨੀਲਾ ਬੰਦਰਗਾਹ 'ਤੇ ਰੁਕਦੇ ਸਨ। ਇੱਥੋਂ ਅੱਗੇ ਹਾਂਗਕਾਂਗ ਜਾਇਆ ਜਾਂਦਾ ਸੀ।

ਮਨੀਲਾ ਤੋਂ ਗ਼ਦਰੀ ਹਾਫ਼ਿਜ਼ ਅਬਦੁੱਲਾ, ਭਾਈ ਜੀਵਨ ਸਿੰਘ ਦੌਲੇ ਸਿੰਘ ਵਾਲਾ, ਭਾਈ ਰਹਿਮਤ ਅਲੀ ਵਜੀਦਕੇ, ਬੀਬੀ ਗੁਲਾਬ ਕੌਰ ਬਖਸ਼ੀਵਾਲਾ, ਭਾਈ ਬਖਸ਼ੀਸ਼ ਸਿੰਘ ਖ਼ਾਨਪੁਰ, ਭਾਈ ਲਾਲ ਸਿੰਘ ਸਾਹਿਬਆਣਾ, ਭਾਈ ਜਗਤ ਸਿੰਘ ਬਿੰਝਲ, ਭਾਈ ਧਿਆਨ ਸਿੰਘ ਉਮਰਪੁਰਾ, ਧਿਆਨ ਸਿੰਘ ਬੰਗਸੀਪੁਰਾ, ਭਾਈ ਚੰਦਾ ਸਿੰਘ ਵੜੈਚ ਅਤੇ 50 ਦੇ ਕਰੀਬ ਹੋਰ ਗਦਰ ਪਾਰਟੀ ਦੇ ਮੈਂਬਰ ਗ਼ਦਰੀਆਂ ਦੇ ਜਥੇ ਨਾਲ, ਜਿਹੜਾ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਜਾ ਰਿਹਾ ਸੀ, ਉਸ ਨਾਲ ਰਲ ਗਏ। ਜਹਾਜ਼ ਹਾਂਗਕਾਂਗ ਪਹੁੰਚ ਗਿਆ। ਹਾਂਗਕਾਂਗ ਵਿਖੇ ਗਦਰੀ ਜਹਾਜ਼ਾਂ ਤੋਂ ਉੱਤਰ ਕੇ ਮੀਟਿੰਗਾਂ ਕਰਦੇ ਅਤੇ ਦੇਸ਼ ਦੀ ਆਜ਼ਾਦੀ ਦੀ ਜੰਗ ਲੜਨ ਦੀਆਂ ਸਕੀਮਾਂ ਬਣਾਉਂਦੇ ਸਨ। ਗ਼ਦਰ ਪਾਰਟੀ ਦੇ ਆਗੂਆਂ ਵੱਲੋਂ ਆਪਣੇ ਵਰਕਰਾਂ ਵਿੱਚ ਦੇਸ਼ ਦੀ ਆਜ਼ਾਦੀ ਦੀ ਜੰਗ ਪ੍ਰਤੀ ਉਤਸ਼ਾਹ ਪੈਦਾ ਕਰਨ ਲਈ ਦੀਵਾਨ ਲਾਏ ਜਾਂਦੇ ਸਨ। ਦੀਵਾਨ ਦੀ ਸਟੇਜ ਤੋਂ ਗਦਰ ਦੀਆਂ ਗੂੰਜਾਂ ਗਾਈਆਂ ਜਾਂਦੀਆਂ ਅਤੇ ਆਗੂਆਂ ਵੱਲੋਂ ਧੜੱਲੇਦਾਰ ਤਕਰੀਰਾਂ ਹੁੰਦੀਆਂ । ਗਦਰੀ ਹਾਫ਼ਿਜ਼ ਅਬਦੁੱਲਾ ਗਦਰ ਪਾਰਟੀ ਦੇ ਚੋਟੀ ਦੇ ਬੁਲਾਰਿਆਂ 'ਚੋਂ ਇੱਕ ਸਨ। ਉਨ੍ਹਾਂ ਨੇ ਕਈ ਮੀਟਿੰਗਾਂ ਤੇ ਦੀਵਾਨਾਂ ਦੀ ਪ੍ਰਧਾਨਗੀ ਕੀਤੀ ਸੀ।

ਮੀਟਿੰਗਾਂ ਅਤੇ ਦੀਵਾਨ ਵਿੱਚ ਪਹੁੰਚੀ ਸੰਗਤ ਨੂੰ ਪੰਗਤ ਵਿੱਚ ਲੰਗਰ ਵਰਤਾਇਆ ਜਾਂਦਾ ਅਤੇ ਸਾਰੇ ਹਿੰਦੂ, ਸਿੱਖ ਅਤੇ ਮੁਸਲਮਾਨ ਪੰਗਤ ਵਿੱਚ ਬੈਠ ਕੇ ਲੰਗਰ ਛਕਦੇ ਸਨ। ਇਹ ਮਹਾਨ ਗ਼ਦਰੀ ਜਾਤ-ਪਾਤ ਦੇ ਵਖਰੇਵੇਂ ਨੂੰ ਛੱਡ ਕੇ ਹਿੰਦ ਦੀ ਆਜ਼ਾਦੀ ਦੇ ਸੰਘਰਸ਼ ਲਈ ਆਏ ਸਨ। ਆਗੂ ਆਪਣੀਆਂ ਤਕਰੀਰਾਂ ਰਾਹੀਂ ਵਿਸਥਾਰ ਸਹਿਤ ਆਮ ਵਰਕਰਾਂ ਨੂੰ ਇਹ ਗਿਆਨ ਦਿੰਦੇ ਸਨ ਕਿ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਨਾਲ ਹੀ ਸਾਡੀ ਤੇ ਸਾਡੇ ਪਰਵਾਰਾਂ ਦੀ ਜ਼ਿੰਦਗੀ ਖ਼ੁਸ਼ਹਾਲ ਹੋ ਸਕਦੀ ਹੈ। ਅੰਗਰੇਜ਼ ਸਾਡੀਆਂ ਸੋਨੇ ਵਰਗੀਆਂ ਫਸਲਾਂ ਲੁੱਟ ਕੇ ਆਪਣੇ ਮੁਲਖ਼ ਵਿੱਚ ਲੈ ਜਾਂਦੇ ਹਨ। ਸਾਡੀ ਧਰਤੀ ਤੇ ਸੋਨਾ ਉਗਲਦੀ ਹੈ। ਜਦੋਂ ਕਿ ਅਸੀਂ ਅੰਗਰੇਜ਼ਾਂ ਦੇ ਗੁਲਾਮ ਹੋਣ ਕਰਕੇ ਗਰੀਬੀ ਭਰਿਆ ਜੀਵਨ ਬਤੀਤ ਕਰ ਰਹੇ ਹਾਂ। ਅੰਗਰੇਜ਼ ਸਾਡੀਆਂ ਬਹੂ ਬੇਟੀਆਂ ਪ੍ਰਤੀ ਮਾੜੀ ਨਿਗ੍ਹਾ ਰੱਖਦੇ ਹਨ। ਇਸ ਲਈ ਹਿੰਦੁਸਤਾਨ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਲਈ ਕੁਰਬਾਨੀਆਂ ਭਰਿਆ ਸੰਘਰਸ਼ ਕਰਨਾ ਪਵੇਗਾ।

ਕੈਨੇਡਾ ਤੋਂ ਦੋ ਹੋਰ ਜਹਾਜ਼ ਗ਼ਦਰੀਆਂ ਨਾਲ ਭਰੇ ਹੋਏ ਹਾਂਗਕਾਂਗ ਪਹੁੰਚ ਗਏ ਅਤੇ ਉਹ ਵੀ ਪਹਿਲੇ ਜਥਿਆਂ ਨਾਲ ਰਲ ਗਏ। ਇਨ੍ਹਾਂ ਵਿੱਚ ਇੱਕ ਜਥੇ ਦਾ ਜਥੇਦਾਰ ਗ਼ਦਰੀ ਸ਼ੇਰ ਸਿੰਘ ਵੇਈਂਪੂੰਈਂ ਤੇ ਦੂਜੇ ਦਾ ਭਾਈ ਸੱਜਣ ਸਿੰਘ ਬੀਲਾ ਸਨ। ਦੀਵਾਨ ਦੀ ਰੌਣਕ ਪਹਿਲਾਂ ਨਾਲੋਂ ਕਿਤੇ ਵਧ ਗਈ। ਆਜ਼ਾਦੀ ਦੇ ਪਰਵਾਨਿਆਂ ਨਾਲ ਭਰੇ ਦੀਵਾਨ ਵਿੱਚ ਗਦਰੀ ਹਾਫ਼ਿਜ਼ ਅਬਦੁੱਲਾ, ਗਦਰੀ ਕੇਸਰ ਸਿੰਘ ਠੱਠਗੜ੍ਹ, ਭਾਈ ਜਵਾਲਾ ਸਿੰਘ, ਭਾਈ ਸ਼ੇਰ ਸਿੰਘ, ਬੀਬੀ ਗੁਲਾਬ ਕੌਰ, ਭਾਈ ਪਰਮਾਨੰਦ ਝਾਂਸੀ ਅਤੇ ਹੋਰਾਂ ਵੱਲੋਂ ਵੀ ਜੋਸ਼ ਭਰਪੂਰ ਤਕਰੀਰਾਂ ਕੀਤੀਆਂ ਜਾਂਦੀਆਂ ਸਨ। ਬੀਬੀ ਗੁਲਾਬ ਕੌਰ ਤਾਂ ਚੂੜੀਆਂ ਲਾਹ-ਲਾਹ ਸੁੱਟਦੀ ਤੇ ਆਖਦੀ, 'ਜੋ ਕਾਇਰ ਆਪਣੇ ਦੇਸ਼ ਦੀ ਆਜ਼ਾਦੀ ਲਈ ਹੱਥ ਆਏ ਇਸ ਵੇਲੇ ਉਤੇ ਲੜਨ ਤੋਂ ਪਿਛਾਂਹ ਹਟਦਾ ਹੈ, ਉਹ ਚੂੜੀਆਂ ਪਾ ਕੇ ਬੈਠ ਜਾਏ। ਅਸੀਂ ਤੀਵੀਂਆਂ ਉਨ੍ਹਾਂ ਦੀ ਥਾਂ ਲੜਾਂਗੀਆਂ।' ਹਾਂਗਕਾਂਗ ਵਿਖੇ ਹਿੰਦੀ ਸਿਪਾਹੀ ਜੋ ਅੰਗਰੇਜ਼ਾਂ ਅਧੀਨ ਨੌਕਰੀ ਕਰਦੇ ਸਨ, ਉਹ ਵੀ ਦੀਵਾਨ ਵਿੱਚ ਪਹੁੰਚ ਜਾਂਦੇ ਅਤੇ ਗ਼ਦਰੀਆਂ ਦੀਆਂ ਤਕਰੀਰਾਂ ਸੁਣਦੇ। ਗ਼ਦਰੀਆਂ ਦੇ ਜੋਸ਼ੀਲੇ ਭਾਸ਼ਣਾਂ ਦਾ ਸਿਪਾਹੀਆਂ 'ਤੇ ਅਸਰ ਪਿਆ ਤੇ ਏਧਰਲੇ ਟਾਪੂਆਂ ਵਿੱਚ ਦੇਸ਼ ਦੀ ਆਜ਼ਾਦੀ ਦੀ ਲਹਿਰ ਪਣਪ ਪਈ।

ਗਦਰੀ ਹਾਫ਼ਿਜ਼ ਅਬਦੁੱਲਾ ਜਗਰਾਉਂ ਨੂੰ ਅੰਗਰੇਜ਼ ਹਾਕਮਾਂ ਨੇ 16 ਮਾਰਚ 1917 ਨੂੰ ਗਦਰੀ ਬਲਵੰਤ ਸਿੰਘ ਖੁਰਦਪੁਰ, ਬਾਬੂ ਰਾਮ ਫਤਿਹਗੜ੍ਹ ਅਤੇ ਅਰੂੜ ਸਿੰਘ ਸੰਘਵਾਲ ਨਾਲ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ। ਇਸ ਦੁਖਦਾਇਕ ਘਟਨਾ ਤੋਂ ਇੱਕ ਦਿਨ ਪਹਿਲਾਂ ਇਸੇ ਕੇਸ ਵਿੱਚ ਗ਼ਦਰੀ ਗਾਂਧਾ ਸਿੰਘ ਕਚਰਭੰਨ ਨੂੰ ਫਾਂਸੀ ਦਿੱਤੀ ਗਈ ਸੀ। ਇਨ੍ਹਾਂ ਦੇਸ਼ ਭਗਤਾਂ ਦੀ ਇਕੱਠਿਆਂ ਦੀ ਸ਼ਹਾਦਤ ਨੇ ਇਹ ਸਾਬਤ ਕਰ ਦਿੱਤਾ ਕਿ ਵਤਨ ਦੀ ਆਜ਼ਾਦੀ ਅਤੇ ਖੁਸ਼ਹਾਲੀ ਜਾਤ-ਪਾਤ ਦੇ ਬੰਧਨ ਤੋੜ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਨ੍ਹਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਲੋਕ ਜਿੰਦ ਤਲੀ 'ਤੇ ਰੱਖ ਕੇ ਹਿੰਦੁਸਤਾਨ ਦੇ ਆਜ਼ਾਦੀ ਸੰਘਰਸ਼ ਵਿੱਚ ਕੁੱਦ ਪਏ।

*ਸੰਪਰਕ-98760-78731*

## ਸਫ਼ਾ 3 ਦੀ ਬਾਕੀ — ਤਣਾਓ ਤੇ ਮਾਨਸਿਕ ਸੰਤਾਪ...

ਕਹਾਣੀ ਇਸ ਲਾਲਸਾ ਬਾਰੇ ਹੀ ਰਚੀ ਗਈ ਹੈ ਕਿ ਕਿਸ ਢੰਗ ਨਾਲ ਕੁੜੀਆਂ ਆਪਣੀ ਪੜ੍ਹਾਈ ਦੇ ਸਿਰ 'ਤੇ ਆਇਲਸ ਦਾ ਟੈਸਟ ਪਾਸ ਕਰਦੀਆਂ ਹਨ ਤੇ ਮੁੰਡੇ ਦੇ ਮਾਂ-ਬਾਪ ਕਿਵੇਂ ਉਹਨਾਂ ਦੇ ਬਾਹਰ ਜਾਣ ਦਾ ਖ਼ਰਚਾ ਚੁੱਕਦੇ ਹਨ ਤਾਂ ਕਿ ਮੁੰਡਾ-ਕੁੜੀ ਦੋਵੇਂ ਬਾਹਰਲੇ ਦੇਸ਼ ਜਾ ਕੇ ਸੈੱਟ ਹੋ ਸਕਣ। ਇਸ ਸਾਰੀ ਸੌਦੇਬਾਜ਼ੀ ਵਿੱਚ ਦੋਹਾਂ ਧਿਰਾਂ ਨੂੰ ਧੋਖੇ ਵੀ ਮਿਲਦੇ ਹਨ। ਅਜਿਹੇ ਧੋਖੇ ਨੂੰ ਹੀ ਦਰਸਾਉਂਦੀ ਕਹਾਣੀ 'ਸੌਦਾ' ਹੈ, ਜਿਸ ਵਿੱਚ ਬਾਹਰ ਦੇਸ਼ ਪਹੁੰਚ ਕੇ ਸੈੱਟ ਹੋਣ ਤੋਂ ਬਾਅਦ ਲੜਕੀ ਲੜਕੇ ਨੂੰ ਧੋਖਾ ਦੇ ਜਾਂਦੀ ਹੈ। 'ਕੜਵਾ ਝੂਠ' ਵੀ ਇਸ ਸਮਾਜ ਦੇ ਇਸੇ ਰੁਝਾਨ ਨੂੰ ਦਰਸਾਉਂਦੀ ਕਹਾਣੀ ਹੈ, ਜਿਸ ਅਨੁਸਾਰ ਆਪਣੀਆਂ ਦੈਹਿਕ ਇੱਛਾ ਪੂਰਤੀਆਂ ਅਤੇ ਆਰਥਿਕ ਲੋੜਾਂ ਲਈ ਕੁਝ ਲੋਕ ਵਿਆਹ ਅਤਿਰਿਕਤ ਸੰਬੰਧਾਂ ਵਿੱਚ ਕਿਸੇ ਹੱਦ ਤੱਕ ਵੀ ਜਾ ਸਕਦੇ ਹਨ। ਇਹਨਾਂ ਕਹਾਣੀਆਂ ਦੇ ਅਧਿਐਨ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਗੋਵਰਧਨ ਗੱਬੀ ਕੋਲ ਪੰਜਾਬੀ ਜਨ ਜੀਵਨ ਅਤੇ ਸਮਾਜ ਦਾ ਵਿਸ਼ਾਲ ਅਨੁਭਵ ਹੈ। ਉਹ ਇਸ ਕਹਾਣੀ-ਸੰਗ੍ਰਹਿ ਨਾਲ਼ ਮਾਨਵੀ ਜੀਵਨ ਵਿੱਚ ਫੈਲੇ ਤਣਾਅ, ਗੁੰਝਲਾਂ ਅਤੇ ਮਾਨਸਿਕ ਸੰਤਾਪ ਨੂੰ ਚਿਤਰਤ ਕਰਨ ਵਾਲਾ ਕਹਾਣੀਕਾਰ ਸਾਬਿਤ ਹੋਇਆ ਹੈ। ਉਹ ਸਿਰਫ ਕਹਾਣੀ ਰਸ ਲਈ ਕਹਾਣੀ ਨਹੀਂ ਲਿਖਦਾ, ਸਗੋਂ ਅਸਲ ਵਿੱਚ ਸਮਾਜ ਵਿੱਚ ਹੁੰਦੇ ਗ਼ਲਤ ਵਿਹਾਰਾਂ ਅਤੇ ਲੋਕਾਂ ਦੀ ਮਾਨਸਿਕਤਾ ਨੂੰ ਕਹਾਣੀਆਂ ਦਾ ਵਿਸ਼ਾ ਬਣਾਉਂਦਾ ਹੈ। ਇਹਨਾਂ ਕਹਾਣੀਆਂ ਵਿੱਚ ਉਸ ਦੁਆਰਾ ਵਰਤੀ ਗਈ ਭਾਸ਼ਾ ਸਰਲ ਹੈ। ਆਸ ਕੀਤੀ ਜਾਂਦੀ ਹੈ ਕਿ ਇਹ ਪੁਸਤਕ ਪਾਠਕਾਂ ਨੂੰ ਪਸੰਦ ਆਵੇਗੀ ਅਤੇ ਪਸੰਦਗੀ ਦੇ ਸਿਖ਼ਰ ਨੂੰ ਛੂਹੇਗੀ।

## ਸਫ਼ਾ 1 ਦੀ ਬਾਕੀ — ਕਰਤਾਰਪੁਰ ਲਾਂਘਾ : ਸਾਂਝਾਂ ਦਾ ਪੁਲ...

ਵਗਦਾ ਸੀ, ਜਿਹੜਾ ਜ਼ਿਲ੍ਹਾ ਸਿਆਲਕੋਟ ਅਤੇ ਗੁਰਦਾਸਪੁਰ ਨੂੰ ਵੱਖ ਕਰਦਾ ਸੀ। ਪਾਕਿ-ਭਾਰਤ ਤਕਸੀਮ ਵੇਲੇ ਏਸੇ ਚੀਜ਼ ਨੂੰ ਸੀਮਾ ਬਣਾ ਦਿੱਤਾ ਗਿਆ।

ਗੁਰਦੁਆਰੇ ਤੋਂ ਪੰਜਾਹ ਗਜ਼ ਦੂਰ ਸਈਅਦ ਕਸਫੀ ਨਿਜ਼ਾਮੀ ਮੈਨੂੰ ਇਕ ਕਬਰ 'ਤੇ ਲੈ ਗਿਆ ਅਤੇ ਮੈਨੂੰ ਦੱਸਿਆ ਕਿ ਇਹ ਕਬਰ ਬਾਬਾ ਗੁਰੂ ਨਾਨਕ ਜੀ ਦੀ ਹੈ। ਉਹਨਾ ਏਸ ਕਬਰ 'ਤੇ ਅੱਧਾ ਘੰਟਾ ਮੁਰਾਕਬਾ ਕੀਤਾ ਅਤੇ ਇਲਮ ਕਸਫੁਲ ਕਬੂਰ ਦੇ ਜ਼ਰੀਏ ਮੈਨੂੰ ਦੱਸਿਆ ਕਿ ਉਹਨਾਂ ਦੀ ਬਾਬਾ ਜੀ ਨਾਲ ਗੱਲਬਾਤ ਹੋਈ ਹੈ। ਉਹਨਾ ਦਾ ਜਸਦੇ ਖਾਕੀ ਬਿਲਕੁਲ ਸਹੀ-ਸਲਾਮਤ ਕਬਰ ਵਿੱਚ ਮੌਜੂਦ ਹੈ, ਕਿਉਂਕਿ ਅੱਲਾਹ ਦੇ ਨੇਕ ਬੰਦਿਆਂ ਦੇ ਸਰੀਰ ਨੂੰ ਮਿੱਟੀ ਨਹੀਂ ਖਾਂਦੀ।

'ਤਾਰੀਖ ਪੰਜਾਬ' ਵਾਲਾ ਲਿਖਦਾ ਹੈ ਕਿ ਸਈਅਦ ਕਸਫੀ ਨਿਜ਼ਾਮੀ ਹੁਰਾਂ ਮੈਨੂੰ ਕਿਹਾ ਕਿ ਬਾਬਾ ਜੀ ਗੁਰੂ ਨਾਨਕ ਸਾਹਿਬ ਤੁਹਾਨੂੰ ਵੀ ਸਲਾਮ ਅਤੇ ਪਿਆਰ ਦੇਂਦੇ ਹਨ ਅਤੇ ਉਹਨਾ ਮੈਨੂੰ ਦੱਸਿਆ ਹੈ ਕਿ ਇਹ ਮੁੰਡਾ ਸ਼ਾਹ ਰਹਿਮਾਨ ਦੀਵਾਨ ਸਾਨੀ ਦੀ ਦਸਵੀਂ ਪੁਸ਼ਤ ਵਿੱਚੋਂ ਹੈ।

ਸ਼ਾਹ ਰਹਿਮਾਨ ਸਾਨੀ ਨੇ ਹੀ ਬਾਬਾ ਨਾਨਕ ਜੀ ਦੀ ਰਾਤ ਦੇ ਅੰਧੇਰੇ ਵਿੱਚ ਨਮਾਜ਼ੇ ਜਨਾਜ਼ਾ ਪੜ੍ਹਾਈ ਸੀ ਤੇ ਦਫਨ ਕੀਤਾ ਸੀ। ਏਸ ਵਾਕਿਆ ਦੀ ਓਸ ਸਮੇਂ ਦੇ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਨੂੰ ਵੀ ਇਤਲਾਹ ਦਿੱਤੀ ਗਈ ਸੀ।

'ਨਾਮ ਨੇਕ ਰਫਤਗਾਂ ਜਾਇਆ ਮਕੁਨ,
ਤਾਬਿ ਮਾਂਦ ਨਾਮ ਨੇਕਤ ਬਰਕਰਾਰ।'
(ਫਾਰਸੀ)

ਅਰਥ—ਨੇਕ ਲੋਕਾਂ ਦੇ ਨਾਂਅ ਨੂੰ ਜਾਇਆ ਨਾ ਕਰ। ਉਹਨਾਂ ਦੇ ਨਾਂਅ ਨੂੰ ਜ਼ਿੰਦਾ ਰੱਖਣ ਨਾਲ ਤੇਰਾ ਨਾਂਅ ਵੀ ਜ਼ਿੰਦਾ ਰਹੇਗਾ।

ਬਾਬਾ ਨਾਨਕ ਨੇ ਰਾਵੀ ਦੇ ਕੰਢੇ ਡੇਰਾ ਬਾਬਾ ਨਾਨਕ ਅਸਥਾਨ 'ਤੇ ਡੇਰਾ ਲਾ ਲਿਆ, ਏਥੇ ਇੱਕ ਵੱਡਾ ਲੰਗਰ ਖਾਨਾ ਜਾਰੀ ਕੀਤਾ, ਜਿੱਥੇ ਹਰ ਰੋਜ਼ ਗਰੀਬ, ਮਸਕੀਨ ਤੇ ਬੇਸਹਾਰਾ ਲੋਕ ਢਿੱਡ ਭਰ ਕੇ ਖਾਂਦੇ ਅਤੇ ਉਹਨਾਂ ਦਾ ਜਾਰੀ ਕੀਤਾ ਲੰਗਰ ਖਾਨਾ ਕਿਆਮਤ ਤੱਕ ਜਾਰੀ ਰਹੇਗਾ। ਇਸ ਦਾ ਅਜਰ ਬਾਬਾ ਜੀ ਨੂੰ ਅਤੇ ਇਸ ਦਾ ਫੈਜ਼ ਲੋਕਾਂ ਨੂੰ ਮਿਲਦਾ ਰਹਿੰਦਾ।

ਜਦੋਂ ਮੈਂ ਪੰਜਵੇਂ ਕਾਊਂਟਰ 'ਤੇ ਪੁੱਜਾ ਤਾਂ ਯਾਤਰੀਆਂ ਤੋਂ ਪੁੱਛਿਆ ਗਿਆ ਕਿ ਜਿਨ੍ਹਾਂ ਕਿਸੇ ਭਾਰਤੀ ਯਾਤਰੀ ਨੂੰ ਮਿਲਣਾ ਹੈ, ਉਹ ਵੱਖਰੇ ਹੋ ਜਾਣ। ਮੈਂ ਬਾਕੀ ਯਾਤਰੀਆਂ ਤੋਂ ਵੱਖਰਾ ਹੋ ਗਿਆ। ਕਈ ਸੁਆਲ-ਜੁਆਬ ਕੀਤੇ ਗਏ ਅਤੇ ਅੰਤ 'ਤੇ ਕਿਹਾ ਕਿ ਵਾਪਸੀ 'ਤੇ ਮਿਲ ਕੇ ਜਾਇਆ ਜੇ।

ਓਥੋਂ ਮਿਲਣ ਵਾਲਾ ਵਿਜ਼ਟਰ ਕਾਰਡ ਮੈਂ ਗਲ ਵਿੱਚ ਪਾਇਆ ਅਤੇ ਦਰਸ਼ਨੀ ਡਿਓੜੀ 'ਚੋਂ ਨਿਕਲ ਕੇ ਖੁੱਲ੍ਹੇ ਮੈਦਾਨ ਵਿੱਚ ਚਲਾ ਗਿਆ। ਕੀਰਤਨ ਦਰਬਾਰ ਦੇ ਬਿਲਕੁਲ ਸਾਹਮਣੇ ਲੰਗਰ ਖਾਨਾ ਹੈ। ਲੰਗਰ ਖਾਨੇ ਦੇ ਐਨ ਸਾਹਮਣੇ ਸਰਦਾਰ ਮਨਪ੍ਰੀਤ ਸਿੰਘ ਤੇ ਉਹਨਾ ਦੀ ਪਤਨੀ ਮੈਨੂੰ ਉਡੀਕ ਰਹੇ ਸਨ। ਉਹਨਾਂ ਮੈਨੂੰ ਵੇਖ ਕੇ ਆਪਣੇ ਵੱਲ ਬੁਲਾ ਲਿਆ, ਅਸੀਂ ਬਾਰਾਂ ਵਰ੍ਹਿਆਂ ਬਾਅਦ ਇਕ ਵਾਰ ਫੇਰ ਗਲਵੱਕੜੀ ਪਾ ਕੇ ਘੁੱਟ ਕੇ ਮਿਲੇ। ਭਾਬੀ ਜੀ ਹੁਰਾਂ ਨੂੰ ਪਿਆਰ ਦਿੱਤਾ। ਰਸਮੀ ਗੱਲਬਾਤ ਤੋਂ ਬਾਅਦ ਅਸੀਂ ਲੰਗਰ ਹਾਲ ਵੱਲ ਚਲੇ ਗਏ, ਉਹ ਲੰਗਰ ਛਕ ਬੈਠੇ ਸਨ, ਸੋ ਬਹੁਤ ਸਾਰੇ ਦੂਜੇ ਲੋਕਾਂ ਨਾਲ ਮੈਂ ਵੀ ਭੋਜਨ ਕੀਤਾ।

ਚਲਦਿਆਂ-ਚਲਦਿਆਂ ਕੁਝ ਗੱਲਾਂ ਸਾਂਝੀਆਂ ਕੀਤੀਆਂ ਅਤੇ ਫੇਰ ਮਿਲਣ ਦੀ ਆਸ ਲੈ ਕੇ ਇੱਕ ਵਾਰ ਫੇਰ ਵਿੱਛੜ ਗਏ।

ਵਾਪਸੀ 'ਤੇ ਫਿਰ ਉਹੋ ਘਸੇ-ਪਿਟੇ ਸੁਆਲ—ਕੀ ਤੁਸੀਂ ਉਹਨਾਂ ਨੂੰ ਯਾਨਿ ਮਨਪ੍ਰੀਤ ਨੂੰ ਕਿੱਦਾਂ ਜਾਣਦੇ ਹੋ ਵਗੈਰਾ-ਵਗੈਰਾ। ਕੋਈ ਅੱਧਾ ਘੰਟਾ ਜਾਇਆ ਹੋ ਗਿਆ।

ਰਾਹ ਵਿੱਚ ਬਣੀ ਇੱਕ ਛੋਟੀ ਜਿਹੀ ਮਸੀਤ ਵਿਚ ਨਮਾਜ਼ ਪੜ੍ਹੀ, ਫਿਰ ਬੱਸ ਸਟਾਪ 'ਤੇ ਆ ਕੇ ਖਲੋ ਗਿਆ, ਲੱਗਭੱਗ ਇੱਕ ਘੰਟੇ ਬਾਅਦ ਇੱਕ ਕਾਰ ਵਾਲੇ ਨੇ ਮੇਰੇ ਕੋਲ ਆ ਕੇ ਬਰੇਕ ਲਾਈ ਅਤੇ ਕਹਿਣ ਲੱਗਾ, 'ਸਰ, ਨਾਰੋਵਾਲ ਤੱਕ ਜਾਣਾ ਹੈ ਤਾਂ ਆ ਜਾਓ।' ਅੰਨ੍ਹਾ ਕੀਹ ਭਾਲਦਾ ਹੈ ਦੋ ਅੱਖਾਂ। ਤਿੰਨ ਵਜੇ ਅਸੀਂ ਨਾਰੋਵਾਲ ਆ ਗਏ, ਫਿਰ ਲਾਹੌਰ ਦੀ ਗੱਡੀ ਫੜੀ, ਸ਼ਾਮ ਸਵਾ ਪੰਜ ਵਜੇ ਲਾਹੌਰ ਆ ਗਿਆ। ਲਾਹੌਰ ਆਰ-ਪਾਰ ਕਰਦਿਆਂ-ਕਰਦਿਆਂ ਘੰਟਾ ਜਾਇਆ ਹੋ ਗਿਆ। ਰਾਤ 9.30 'ਤੇ ਘਰ ਆ ਗਿਆ।

ਕਰਤਾਰਪੁਰ ਯਾਤਰਾ ਦਾ ਸਾਰਾ ਮਜ਼ਾ ਤਾਂ ਸੁਆਲ-ਜੁਆਬ ਕਿਰਕਿਰਾ ਕਰ ਦੇਂਦੇ ਹਨ, ਉੱਤੋਂ ਲੰਮਾ ਪੈਂਡਾ ਥਕਾ ਦੇਂਦਾ ਹੈ, ਪਰ ਕੀ ਕਰੀਏ ਵੀਰਾਂ ਦੀਆਂ ਮੁਹੱਬਤਾਂ ਖਿੱਚ ਕੇ ਲੈ ਜਾਂਦੀਆਂ ਹਨ।

ਮੈਂ ਤਾਂ ਦੋਵਾਂ ਸਰਕਾਰਾਂ ਅੱਗੇ ਬੇਨਤੀ ਕਰਦਾ ਹਾਂ ਕਿ ਲੋਕਾਂ ਨੂੰ ਆਪਸ ਵਿੱਚ ਮਿਲਣ ਦਿਓ, ਕਿਸੇ ਦਾ ਕੁਝ ਨਈਂ ਜਾਂਦਾ, ਲੋਕਾਂ ਦਾ ਆਪਸੀ ਪਿਆਰ ਵਧੇਗਾ, ਤੁਹਾਡਾ ਖਰਚਾ ਘਟੇਗਾ।

*ਸੰਪਰਕ : 00923075112189*

## ਸਫ਼ਾ 1 ਦੀ ਬਾਕੀ — ਗੁਰੂ ਨਾਨਕ ਦੇਵ ਜੀ...

ਨੂੰ ਆਪਣਾ ਮਿਸ਼ਨ ਪੂਰਾ ਕਰਨ ਲਈ ਚੁਣਿਆ ਅਤੇ ਉਸ ਨੂੰ ਲਹਿਣੇ ਤੋਂ ਅੰਗਦ, ਭਾਵ ਆਪਣਾ ਅੰਗ ਬਣਾ ਲਿਆ ।

22 ਸਤੰਬਰ 1539 ਨੂੰ ਅੰਮ੍ਰਿਤ ਵੇਲੇ ਗੁਰੂ ਨਾਨਕ ਦੇਵ ਜੀ ਪਰਲੋਕ ਸਿਧਾਰ ਗਏ। ਇਸ ਵੇਲੇ ਨੂੰ ਗੁਰੂ ਜੀ ਆਨੰਦਮਈ ਖ਼ਿਆਲ ਕਰਦੇ ਸਨ। ਗੁਰੂ ਜੀ ਦਾ ਅੰਤ ਵੀ ਉਸੇ ਮਾਨਵ ਵਾਂਗ ਹੋਇਆ, ਜਿਸ ਅੰਦਰ ਹਿੰਦੂ ਜਾਤੀ ਅਤੇ ਮੁਸਲਿਮ ਕੌਮ ਵਿਚ ਭਾਵੁਕ ਏਕਤਾ ਲਿਆਉਣ ਦੀ ਲਗਨ ਸੀ। ਮੁਸਲਮਾਨਾਂ ਨੇ ਆਖਿਆ, 'ਅਸੀਂ ਗੁਰੂ ਜੀ ਨੂੰ ਦਫਨਾਵਾਂਗੇ।' ਹਿੰਦੂ ਕਹਿੰਦੇ ਸੀ, 'ਅਸੀਂ ਸਸਕਾਰ ਕਰਾਂਗੇ।' ਗੁਰੂ ਜੀ ਨੇ ਕਿਹਾ ਸੀ, 'ਤੁਸੀਂ ਮੇਰੇ ਦੋਵੇਂ ਪਾਸੇ ਫੁੱਲ ਰੱਖ ਦਿਓ, ਹਿੰਦੂ ਸੱਜੇ ਪਾਸੇ ਵੱਲ, ਮੁਸਲਮਾਨ ਖੱਬੇ ਪਾਸੇ ਵੱਲ। ਸਵੇਰ ਤਾਈਂ ਜਿਸ ਦੇ ਫੁੱਲ ਤਾਜ਼ਾ ਰਹਿਣ, ਉਹ ਕਾਰਜ ਪੂਰਾ ਕਰੋ।' ਉਨ੍ਹਾਂ ਸਭ ਨੂੰ ਅਰਦਾਸ ਕਰਨ ਲਈ ਆਖਿਆ । ਜਦੋਂ ਅਰਦਾਸ ਸਮਾਪਤ ਹੋਈ ਤਾਂ ਬਾਬੇ ਨੇ ਆਪਣੇ ਉਪਰ ਪੂਰੀ ਤਰ੍ਹਾਂ ਚਾਦਰ ਲੈ ਲਈ ਅਤੇ ਸਦਾ ਦੀ ਨੀਂਦ ਸੌਂ ਗਏ। ਜਦੋਂ ਸਵੇਰੇ ਚਾਦਰ ਚੁੱਕੀ ਗਈ ਤਾਂ ਉਥੇ ਕੁਝ ਵੀ ਨਹੀਂ ਸੀ। ਦੋਹਾਂ ਜਾਤੀਆਂ ਵੱਲੋਂ ਰੱਖੇ ਹੋਏ ਫੁੱਲ ਵੀ ਉਵੇਂ ਹੀ ਤਾਜ਼ੇ ਸਨ। ਹਿੰਦੂਆਂ ਨੇ ਆਪਣੇ ਫੁੱਲ ਇਕੱਠੇ ਕਰ ਲਏ।

ਅੱਜ ਵੀ ਗੁਰੂ ਨਾਨਕ ਦੇਵ ਜੀ ਨੂੰ ਪੰਜਾਬ ਵਿਚ ਧਾਰਮਿਕ ਮਨੁੱਖਾਂ ਦਾ ਸ਼ਹਿਨਸ਼ਾਹ ਕਿਹਾ ਜਾਂਦਾ ਹੈ-

'ਹਿੰਦੂਆਂ ਦਾ ਗੁਰੂ ਅਤੇ ਮੁਸਲਮਾਨਾਂ ਦਾ ਪੀਰ,
ਬਾਬਾ ਨਾਨਕ ਸ਼ਾਹ ਫ਼ਕੀਰ।'

ਭੁੱਲੀ-ਭਟਕੀ ਲੁਕਾਈ ਨੂੰ ਸਿੱਧੇ ਰਾਹੇ ਪਾਉਂਦਿਆਂ ਚਾਲੀ ਵਰ੍ਹਿਆਂ ਦੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਨੇ ਅਨੇਕਾਂ ਧਰਮਸ਼ਾਲਾਵਾਂ ਕਾਇਮ ਕੀਤੀਆਂ।

ਪੂਰਬ ਵਿਚ ਆਸਾਮ ਤੱਕ ਅਤੇ ਪੱਛਮ ਵਿਚ ਇਰਾਕ ਤੱਕ, ਪਰ ਉਨ੍ਹਾ ਦੇ ਪਰਲੋਕ ਗਮਨ ਉਪਰੰਤ ਇਹ ਧਰਮ ਦੇ ਕੇਂਦਰ ਬਹੁਤ ਸਮੇਂ ਲਈ ਕਾਇਮ ਨਾ ਰਹੇ। ਗੁਰੂ ਸਾਹਿਬ ਨੇ ਜੋ ਉਪਦੇਸ਼ ਦਿੱਤਾ, ਉਹ ਪੰਜਾਬੀ ਵਿਚ ਸੀ, ਇਸ ਲਈ ਪੰਜਾਬ ਵਾਸੀਆਂ ਦੇ ਦਿਲਾਂ 'ਤੇ ਇਸ ਦੀ ਡੂੰਘੀ ਛਾਪ ਸੀ। ਉਨ੍ਹਾ ਦੇ ਸ਼ਬਦਾਂ ਦਾ ਕੀਰਤਨ ਪ੍ਰਚੱਲਤ ਹੋ ਗਿਆ। ਕਿਹਾ ਨਹੀਂ ਜਾ ਸਕਦਾ ਕਿ ਗੁਰੂ ਜੀ ਦੇ ਜੀਵਨ ਕਾਲ ਵਿਚ ਹੀ ਉਨ੍ਹਾ ਦੇ ਸ਼ਰਧਾਲੂਆਂ ਨੇ ਕੋਈ ਵੱਖਰੀ ਸੰਪਰਦਾ ਬਣਾ ਲਈ ਹੋਵੇ। ਹਾਂ, ਇਹ ਲੋਕ ਹਿੰਦੂ ਅਤੇ ਇਸਲਾਮੀ ਮਜ਼ਹਬ ਨਾਲ ਮਤਭੇਦ ਰੱਖਦੇ ਸਨ ਅਤੇ ਉਸ ਉਪਦੇਸ਼ ਨੂੰ ਸਵੀਕਾਰ ਕਰਦੇ, ਜਿਸ ਬਾਰੇ ਗੁਰੂ ਜੀ ਕਹਿੰਦੇ। ਉਨ੍ਹਾ ਦੀ ਸਿੱਖਿਆ ਉਨ੍ਹਾਂ ਹਿੰਦੂਆਂ ਨੂੰ ਪ੍ਰਭਾਵਤ ਕਰਦੀ ਸੀ, ਜਿਹੜੇ ਰਾਜਸੀ ਤੌਰ 'ਤੇ ਪਿਸ ਰਹੇ ਸਨ ਅਤੇ ਇਨ੍ਹਾਂ ਵਿਚ ਮੁਸਲਮਾਨ ਕਿਸਾਨ ਵੀ ਸ਼ਾਮਲ ਸਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਇਨ੍ਹਾਂ ਤੋਂ ਪਹਿਲਾਂ ਸੂਫ਼ੀਆਂ ਅਤੇ ਭਗਤਾਂ ਨੇ ਸੁਖਾਵਾਂ ਵਾਤਾਵਰਣ ਪੈਦਾ ਕਰ ਦਿੱਤਾ ਸੀ, ਪਰ ਇਹ ਗੁਰੂ ਨਾਨਕ ਦੇਵ ਜੀ ਦੀ ਵਿਲੱਖਣ ਸ਼ਖ਼ਸੀਅਤ ਸੀ, ਜਿਸ ਵਿਚ ਸਾਊਪੁਣੇ ਅਤੇ ਸਾਹਸ ਦਾ ਸੁਮੇਲ ਸੀ। ਇਸ ਨੇ ਆਮ ਲੋਕਾਂ ਦਾ ਮਨ ਜਿੱਤ ਲਿਆ। ਉਹ ਰੂੜ੍ਹੀਵਾਦ ਦੇ ਵਿਰੋਧੀ ਸਨ ਅਤੇ ਉਨ੍ਹਾ ਰੂੜ੍ਹੀਵਾਦੀ ਸਮਾਜ ਵਿਚ ਰੂੜ੍ਹੀਵਾਦੀ-ਵਿਰੋਧੀ ਹੋ ਕੇ ਆਪਣਾ ਜੀਵਨ ਗੁਜ਼ਾਰਿਆ।

*('ਸਿੱਖ ਹਿਸਟਰੀ 'ਚੋਂ', ਪੰਨਾ 36,37,38)*

## ਸਫ਼ਾ 3 ਦੀ ਬਾਕੀ — ਇੰਦਰਜੀਤ ਗੁਪਤਾ : ਪਹਿਲੇ ਕਮਿਊਨਿਸਟ...

ਵਿਚ ਕੰਮ ਕੀਤਾ ਸੀ ਅਤੇ ਇਸ ਕਰਕੇ ਉਹ ਉਨ੍ਹਾਂ ਦੇ ਵਰਗ ਦੀਆਂ ਮੰਗਾਂ ਦੀ ਚੰਗੀ ਤਰ੍ਹਾਂ ਵਿਆਖਿਆ ਕਰ ਸਕਦੇ ਸਨ। ਉਹ ਇਕੋ ਸਮੇਂ ਸਮਾਜਿਕ ਅਤੇ ਰਾਸ਼ਟਰੀ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਪੇਸ਼ ਕਰ ਸਕਦੇ ਸਨ।

ਉਹ ਕਈ ਮੌਕਿਆਂ 'ਤੇ ਬਹੁਤ ਸਾਰੀਆਂ ਸਮੱਸਿਆਵਾਂ 'ਤੇ ਗੱਲ ਕਰ ਸਕਦੇ ਸਨ, ਜਿਨ੍ਹਾਂ ਵਿੱਚ ਰੱਖਿਆ ਅਤੇ ਰਾਸ਼ਟਰੀ ਸੁਰੱਖਿਆ; ਪੁਲਸ ਬਲ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ; ਅੱਤਵਾਦ ਵਿਰੁੱਧ ; ਫਿਰਕਾਪ੍ਰਸਤੀ, ਧਰਮ ਨਿਰਪੱਖਤਾ ਅਤੇ ਰਾਸ਼ਟਰੀ ਏਕਤਾ; ਆਰਥਿਕ ਮੁੱਦੇ ਅਤੇ ਉਨ੍ਹਾਂ ਦੇ ਰਾਜਨੀਤਿਕ ਪ੍ਰਭਾਵ; ਵਿਦੇਸ਼ ਨੀਤੀ ਅਤੇ ਵਿਸ਼ਵ ਮੁੱਦੇ; ਕਿਰਤ, ਉਦਯੋਗਿਕ ਅਤੇ ਸੰਬੰਧਤ ਮੁੱਦੇ; ਔਰਤਾਂ ਦਾ ਸਵਾਲ; ਸੰਵਿਧਾਨਕ ਸਵਾਲ; ਚੋਣ ਸੁਧਾਰ ਅਤੇ ਅਨੁਪਾਤਕ ਪ੍ਰਤੀਨਿਧਤਾ; ਗ੍ਰਹਿ ਮੰਤਰੀ ਦੇ ਰੂਪ ਵਿੱਚ ਵੀ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

ਉਹ ਆਪਣਾ ਭਾਸ਼ਣ ਬਹੁਤ ਵਧੀਆ ਢੰਗ ਨਾਲ ਤਿਆਰ ਕਰਦੇ ਸਨ ਅਤੇ ਹਰ ਕੋਈ ਉਹਨਾਂ ਨੂੰ ਬੜੇ ਧਿਆਨ ਨਾਲ ਸੁਣਦਾ ਸੀ। ਉਹ ਸਵਾਲਾਂ ਦਾ ਡੂੰਘਾ ਅਧਿਐਨ ਕਰਦੇ ਸਨ। ਉਹ ਸੰਸਦ ਦੀ ਲਾਇਬ੍ਰੇਰੀ ਵਿੱਚ ਜਾਣਿਆ-ਪਹਿਚਾਣਿਆ ਚਿਹਰਾ ਸਨ। ਉਹ ਤੱਥਾਂ ਅਤੇ ਅੰਕੜਿਆਂ ਦੇ ਅਧਾਰ 'ਤੇ ਗੱਲ ਕਰਦੇ ਸਨ। ਉਦਾਹਰਣ ਵਜੋਂ, ਉਹਨਾ ਨੇ ਰੱਖਿਆ ਸਵਾਲਾਂ 'ਤੇ ਇਸ ਤਰ੍ਹਾਂ ਗੱਲ ਕੀਤੀ, ਜਿਵੇਂ ਉਹ ਇਸ ਦੇ ਇੰਚਾਰਜ ਹੋਣ ਅਤੇ ਇਸ ਦੇ ਬਾਰੇ ਡੂੰਘਾਈ ਨਾਲ ਜਾਣਦੇ ਹੋਣ।

ਪੁਰੂਲੀਆ ਹਥਿਆਰ ਸੁੱਟਣ ਦੇ ਮਾਮਲੇ ਵਿੱਚ ਸਰਕਾਰ ਦੀ ਅਸਫਲਤਾ ਤੋਂ ਬਾਅਦ ਉਨ੍ਹਾਂ ਨੇ ਰੱਖਿਆ ਬਾਰੇ ਸਥਾਈ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ। ਉਹ ਰਾਜਨੀਤਿਕ ਕਦਰਾਂ-ਕੀਮਤਾਂ ਦੇ ਮਿਆਰਾਂ ਪ੍ਰਤੀ ਸਖ਼ਤ ਸਨ।

ਉਨ੍ਹਾਂ ਨੇ ਉਦਯੋਗਿਕ ਰੁਜ਼ਗਾਰ, ਘੱਟੋ-ਘੱਟ ਉਜਰਤਾਂ, ਭੁਗਤਾਨ, ਬੋਨਸ, ਸੀ ਆਈ ਐੱਸ ਐੱਫ, ਟਰੇਡ ਯੂਨੀਅਨਾਂ ਅਤੇ ਉਨ੍ਹਾਂ ਦੇ ਅਧਿਕਾਰਾਂ, ਜੂਟ ਮਜ਼ਦੂਰਾਂ ਦੀਆਂ ਮੁਸ਼ਕਲਾਂ, ਤੰਬਾਕੂ ਮਜ਼ਦੂਰਾਂ ਦੀ ਦੁਰਦਸ਼ਾ ਆਦਿ ਸਮੇਤ ਵੱਖ-ਵੱਖ ਕਿਰਤ ਸਮੱਸਿਆਵਾਂ ਅਤੇ ਕਾਨੂੰਨਾਂ 'ਤੇ ਗੱਲ ਕੀਤੀ। ਉਨ੍ਹਾਂ ਨੇ ਖੇਤੀਬਾੜੀ ਸਮੱਸਿਆਵਾਂ 'ਤੇ ਡੂੰਘਾਈ ਨਾਲ ਅਧਿਐਨ ਕੀਤਾ। ਜਨਤਕ ਖੇਤਰ ਦੇ ਬਚਾਅ ਅਤੇ ਰਾਸ਼ਟਰੀ ਸੁਰੱਖਿਆ ਦੇ ਬਚਾਅ ਵਿੱਚ ਮਜ਼ਬੂਤੀ ਨਾਲ ਪਹਿਰਾ ਦਿੱਤਾ ।

### ਕੇਂਦਰੀ ਗ੍ਰਹਿ ਮੰਤਰੀ ਵਜੋਂ

ਇੰਦਰਜੀਤ ਗੁਪਤਾ ਨੂੰ 1996 ਤੋਂ 98 ਤੱਕ ਕੇਂਦਰੀ ਕੈਬਨਿਟ ਵਿੱਚ ਸ਼ਾਮਲ ਹੋਣ ਵਾਲੇ ਸਿਰਫ਼ ਦੋ ਸੀ ਪੀ ਆਈ ਮੰਤਰੀਆਂ ਵਿੱਚੋਂ ਇੱਕ ਹੋਣ ਦਾ ਮਾਣ ਪ੍ਰਾਪਤ ਹੋਇਆ। ਦੂਜੇ ਮੰਤਰੀ ਚਤੁਰਨਣ ਮਿਸ਼ਰਾ ਸਨ। ਇਹ ਸੱਚਮੁੱਚ ਇੱਕ ਨਵਾਂ ਅਨੁਭਵ ਸੀ, ਪਰ ਕਮਿਊਨਿਸਟਾਂ ਨੇ ਅਜੇ ਤੱਕ ਇਸ ਇਤਿਹਾਸਕ ਘਟਨਾ ਦਾ ਸਹੀ ਮੁਲਾਂਕਣ ਨਹੀਂ ਕੀਤਾ। ਉਨ੍ਹਾਂ ਨੂੰ ਐੱਚ ਡੀ ਦੇਵਗੌੜਾ ਅਤੇ ਆਈ ਕੇ ਗੁਜਰਾਲ ਦੀਆਂ ਸੰਯੁਕਤ ਮੋਰਚਾ ਸਰਕਾਰਾਂ ਵਿੱਚ ਗ੍ਰਹਿ ਮੰਤਰੀ ਬਣਾਇਆ ਗਿਆ ਸੀ। ਕੇਂਦਰੀ ਗ੍ਰਹਿ ਮੰਤਰੀ ਵਜੋਂ, ਇੰਦਰਜੀਤ ਗੁਪਤਾ ਨੇ ਬਹੁਤ ਸਾਰੇ ਕੰਮ ਕੀਤੇ, ਜਿਨ੍ਹਾਂ ਨੂੰ ਅੱਜ ਵੀ ਪਾਰਟੀਆਂ ਦੇ ਪੱਧਰ ਤੋਂ ਉੱਪਰ ਉੱਠ ਕੇ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੇ ਪੁਲਸ ਅਤੇ ਪ੍ਰਸ਼ਾਸਨਕ ਸੁਧਾਰ ਕੀਤੇ। ਸੰਵਿਧਾਨ ਵਿੱਚ ਪ੍ਰਦਾਨ ਕੀਤੇ ਗਏ ਅੰਤਰ-ਰਾਜੀ ਕੌਂਸਲ ਦੀ ਪੁਨਰ ਸੁਰਜੀਤੀ ਉਨ੍ਹਾਂ ਦਾ ਮੁੱਖ ਯੋਗਦਾਨ ਸੀ। ਉਨ੍ਹਾਂ ਨੇ ਉੱਤਰ-ਪੂਰਬੀ ਰਾਜਾਂ ਅਤੇ ਉਨ੍ਹਾਂ ਦੇ ਵਿਕਾਸ ਲਈ ਕਈ ਕਦਮ ਚੁੱਕੇ।

ਇੰਦਰਜੀਤ ਗੁਪਤਾ ਨੇ ਸਰਬ ਪਾਰਟੀ ਕਾਨਫਰੰਸ ਦੁਆਰਾ ਗਠਿਤ 8-ਮੈਂਬਰੀ 'ਚੋਣਾਂ ਲਈ ਸਰਕਾਰੀ ਫੰਡ ਮੁਹੱਈਆ ਕਰਨ ਲਈ ਕਮੇਟੀ' ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਨੇ ਕਈ ਸੁਝਾਅ ਪੇਸ਼ ਕੀਤੇ। ਹੋਰਨਾਂ ਤੋਂ ਇਲਾਵਾ ਇਸ ਨੇ ਮਾਨਤਾ ਪ੍ਰਾਪਤ ਰਾਸ਼ਟਰੀ ਅਤੇ ਸੂਬਾਈ ਪਾਰਟੀਆਂ ਨੂੰ ਪੈਸੇ ਦੀ ਜਗ੍ਹਾ ਚੋਣਾਂ ਲਈ ਸਿੱਧੇ ਤੌਰ 'ਤੇ ਲੋੜੀਂਦੇ ਸਾਧਨ ਮੁਹੱਈਆ ਕਰਵਾਉਣ ਲਈ ਇੱਕ ਨਵਾਂ ਸੁਝਾਅ ਦਿੱਤਾ ਸੀ। ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਵਜੋਂ ਕਈ ਹੋਰ ਯਾਦਗਾਰੀ ਪਹਿਲਕਦਮੀਆਂ ਕੀਤੀਆਂ ਅਤੇ ਦਿਖਾਇਆ ਕਿ ਕਮਿਊਨਿਸਟ ਲਗਨ ਅਤੇ ਇਮਾਨਦਾਰੀ ਨਾਲ ਕੰਮ ਕਰ ਸਕਦੇ ਹਨ ਅਤੇ ਸਰਕਾਰਾਂ ਚਲਾਉਣ ਸਮੇਤ ਸੰਸਦੀ ਲੋਕਤੰਤਰੀ ਪ੍ਰਣਾਲੀ ਵਿੱਚ ਹਿੱਸਾ ਲੈ ਕੇ ਲੋਕਤੰਤਰੀ ਸੰਸਥਾਵਾਂ ਦੀ ਮਜ਼ਬੂਤੀ ਅਤੇ ਲੋਕਾਂ ਦੇ ਉਦੇਸ਼ ਲਈ ਰਚਨਾਤਮਕ ਯੋਗਦਾਨ ਪਾ ਸਕਦੇ ਹਨ।

### ਸੀ ਪੀ ਆਈ ਦੇ ਜਨਰਲ ਸਕੱਤਰ ਵਜੋਂ

ਇੰਦਰਜੀਤ ਗੁਪਤਾ ਦਸੰਬਰ 1964 ਵਿੱਚ ਬੰਬੇ ਪਾਰਟੀ ਕਾਂਗਰਸ ਵਿੱਚ ਸੀ ਪੀ ਆਈ ਦੀ ਕੇਂਦਰੀ ਕਾਰਜਕਾਰੀ ਕਮੇਟੀ ਲਈ ਚੁਣੇ ਗਏ, 1971 ਵਿੱਚ ਕੋਚੀਨ ਪਾਰਟੀ ਕਾਂਗਰਸ ਵਿੱਚ ਸੀ ਪੀ ਆਈ ਦੇ ਕੇਂਦਰੀ ਸਕੱਤਰੇਤ ਲਈ ਅਤੇ 1988 ਵਿਚ ਪਾਰਟੀ ਦੇ ਡਿਪਟੀ ਜਨਰਲ ਸਕੱਤਰ ਚੁਣੇ ਗਏ ਸਨ। ਅਪ੍ਰੈਲ 1990 ਵਿਚ ਉਹ ਸੀ ਪੀ ਆਈ ਦੇ ਜਨਰਲ ਸਕੱਤਰ ਬਣੇ ਅਤੇ 1996 ਦੇ ਮੱਧ ਤੱਕ ਇਸ ਅਹੁਦੇ 'ਤੇ ਰਹੇ। ਕੇਂਦਰੀ ਗ੍ਰਹਿ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ 1996 ਵਿੱਚ ਇਹ ਅਹੁਦਾ ਛੱਡ ਦਿੱਤਾ। ਉਨ੍ਹਾਂ ਨੇ ਪਾਰਟੀ ਦੇ ਜਨਰਲ ਸਕੱਤਰ ਅਤੇ ਸੰਸਦ ਮੈਂਬਰ ਦੇ ਦੋਹਰੇ ਕਾਰਜਾਂ ਨੂੰ ਸਫਲਤਾਪੂਰਵਕ ਨਿਭਾਇਆ।

ਉਨ੍ਹਾਂ ਦੇ ਬਹੁਤ ਸਾਰੇ ਮਾਨਤਾ ਪ੍ਰਾਪਤ ਵਿਚਾਰਾਂ ਵਿੱਚੋਂ ਕੁਝ ਕੁ ਮਹੱਤਵਪੂਰਨ ਹਨ :

'ਮੈਨੂੰ ਨਹੀਂ ਲੱਗਦਾ ਕਿ ਇਸ ਦੇਸ਼ ਵਿੱਚ ਕਮਿਊਨਿਸਟਾਂ, ਮਾਰਕਸਵਾਦੀਆਂ ਨੇ ਜਾਤੀ ਵਰਤਾਰੇ ਵੱਲ ਕਾਫ਼ੀ ਧਿਆਨ ਦਿੱਤਾ ਜਾਂ ਸਹੀ ਅਧਿਐਨ ਕੀਤਾ।'

ਇੱਕ ਹੋਰ ਸੀ : 'ਜੇ ਤੁਸੀਂ ਉਸ ਉਦੇਸ਼ ਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ ਜਿਸ ਦਾ ਤੁਸੀਂ ਐਲਾਨ ਕੀਤਾ ਹੈ, ਤਾਂ ਤੁਸੀਂ ਅਜਿਹੀਆਂ ਰਣਨੀਤੀਆਂ ਅਪਣਾਉਣ ਦੀ ਕੋਸ਼ਿਸ਼ ਕਰੋ ਜੋ ਭਾਜਪਾ ਵਿਰੋਧੀ ਵੋਟਾਂ ਦੀ ਵੰਡ ਨੂੰ ਬਚਾਉਣ ਜਾਂ ਘਟਾ ਸਕਣ...'

ਉਨ੍ਹਾਂ ਦੇ ਸਰਗਰਮ ਅਤੇ ਘਟਨਾਵਾਂ ਨਾਲ ਭਰਪੂਰ ਜੀਵਨ ਨੇ ਭਾਰਤੀ ਰਾਜਨੀਤੀ, ਖਾਸ ਕਰਕੇ ਸੰਸਦੀ ਰਾਜਨੀਤੀ 'ਤੇ ਡੂੰਘਾ ਪ੍ਰਭਾਵ ਛੱਡਿਆ। 20 ਫਰਵਰੀ 2001 ਨੂੰ ਦਿੱਲੀ ਵਿੱਚ ਉਨ੍ਹਾਂ ਦੀ ਮੌਤ ਹੋ ਗਈ।

ਦੂਜੀ ਤੇ ਆਖਰੀ ਕਿਸ਼ਤ

ਤੇਰਿੰਦਰ

# ਇਤਿਹਾਸ ਦੀ ਰਾਜਨੀਤੀ : ਸਕੂਲੀ ਸਿੱਖਿਆ



ਦੁਨੀਆ ਦੇ ਵੱਖ-ਵੱਖ ਦੇਸ਼ਾਂ ਵੱਲੋਂ ਆਪਣੇ ਬੱਚਿਆਂ ਨੂੰ ਪੜ੍ਹਾਈਆਂ ਜਾਂਦੀਆਂ ਕਿਤਾਬਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹੀ ਸਿੱਟਾ ਨਿਕਲਦਾ ਹੈ ਕਿ ਹਰੇਕ ਦੇਸ਼ ਦੀ ਰਾਜ ਕਰ ਰਹੀ ਜਮਾਤ ਸਕੂਲ ਦੀਆਂ ਕਿਤਾਬਾਂ ਵਿੱਚ ਉਹੀ ਕੁਝ ਦਿਖਾਉਂਦੀ ਹੈ, ਜੋ ਉਸ ਦੇ ਹਿੱਤਾਂ ਦੇ ਅਨੁਸਾਰੀ ਹੁੰਦਾ ਹੈ। ਇਤਿਹਾਸ ਨਿਰਪੱਖ ਹੋ ਕੇ ਨਹੀਂ ਲਿਖਿਆ ਜਾਂਦਾ, ਸਗੋਂ ਰਾਜ ਕਰ ਰਹੀ ਜਮਾਤ ਆਪਣੇ ਨਜ਼ਰੀਏ ਤੋਂ ਇਤਿਹਾਸ ਲਿਖਵਾਉਂਦੀ ਹੈ। ਹਾਵਰਡ ਇਸ ਪ੍ਰਵਿਰਤੀ 'ਤੇ ਟਿੱਪਣੀ ਕਰਦਾ ਹੈ ਕਿ ਇਤਿਹਾਸ ਵਿੱਚ ਕਿਸੇ ਤੱਥ ਨੂੰ ਤਰੋੜ-ਮਰੋੜ ਕੇ ਲਿਖਣਾ ਖ਼ਤਰਨਾਕ ਹੁੰਦਾ ਹੈ ਪਰ ਸਭ ਤੋਂ ਵੱਧ ਖ਼ਤਰਨਾਕ ਹੁੰਦਾ ਹੈ ਇਤਿਹਾਸ ਲਿਖਦੇ ਸਮੇਂ ਕਿਸੇ ਤੱਥ ਨੂੰ ਗਾਇਬ ਕਰ ਦੇਣਾ ਜਾਂ ਜਾਣ-ਬੁੱਝ ਕੇ ਛੱਡ ਦੇਣਾ, ਕਿਉਂਕਿ ਛੱਡੇ ਹੋਏ ਤੱਥ ਦੀ ਤਾਂ ਪੜਤਾਲ ਵੀ ਨਹੀਂ ਹੋ ਸਕਦੀ। ਹਰੇਕ ਦੇਸ਼ ਦੀ ਰਾਜਸੱਤਾ ਇਸ ਪ੍ਰਵਿਰਤੀ ਨੂੰ ਦੋ ਢੰਗਾਂ ਨਾਲ ਵਰਤਦੀ ਹੈ; ਪਹਿਲੀ ਜੋ ਨਾਇਕ ਬਣਾ ਕੇ ਪੇਸ਼ ਕੀਤੇ ਜਾਂਦੇ ਹਨ, ਉਹਨਾਂ ਦਾ ਉਹ ਪੱਖ ਕਦੇ ਨਹੀਂ ਦੱਸਿਆ ਜਾਂਦਾ, ਜਿਹੜਾ ਆਮ ਲੋਕਾਂ ਦੇ ਵਿਰੁੱਧ ਹੋਵੇ। ਇਸ ਦੇ ਉਲਟ ਉਹਨਾਂ ਦੇ ਨਾਇਕਤਵ ਵਾਲੇ ਪੱਖਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਅਸੀਂ ਪਹਿਲਾਂ ਜਾਰਜ ਵਾਸ਼ਿੰਗਟਨ, ਵੁੱਡਰੋ ਵਿਲਸਨ, ਮੁਹੰਮਦ ਅਲੀ ਜਿਨਾਹ ਆਦਿ ਦਾ ਜ਼ਿਕਰ ਕਰਕੇ ਆਏ ਹਾਂ। ਦੂਜਾ ਜੋ ਵਿਅਕਤੀ ਆਮ ਲੋਕਾਂ ਲਈ ਲੜਦੇ ਰਹੇ ਹਨ, ਉਹਨਾਂ ਦੇ ਰੈਡੀਕਲ ਪੱਖ ਨੂੰ ਵਿਸਾਰ ਦਿੱਤਾ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਸ਼ਹੀਦ ਭਗਤ ਸਿੰਘ ਕਿਸ ਤਰ੍ਹਾਂ ਦੇ ਸਮਾਜ ਸਿਰਜਣ ਦਾ ਸੁਪਨਾ ਦੇਖਦਾ ਸੀ? ਉਸ ਸਮਾਜ ਵਿੱਚ ਕਿਸਾਨ, ਮਜ਼ਦੂਰ ਅਤੇ ਔਰਤ ਦੀ ਕੀ ਭੂਮਿਕਾ ਹੋਵੇਗੀ? ਇਹ ਸੁਪਨਾ ਕਿਵੇਂ ਸਾਕਾਰ ਕੀਤਾ ਜਾ ਸਕਦਾ ਹੈ? ਇਸ ਸਭ ਕੁਝ ਵਿੱਚ ਸਿੱਖਿਆ ਦੀ ਕੀ ਅਹਿਮੀਅਤ ਹੋਵੇਗੀ? ਇਸ ਬਾਰੇ ਸਾਡੀਆਂ ਪਾਠ-ਪੁਸਤਕਾਂ ਨੇ ਚੁੱਪ ਹੀ ਧਾਰੀ ਹੋਈ ਹੈ। ਭਗਤ ਸਿੰਘ ਨੂੰ ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ ਲੈਣ ਵਾਲਾ, ਅਸੰਬਲੀ ਵਿੱਚ ਬੰਬ ਸੁੱਟਣ ਵਾਲਾ ਤੱਕ ਹੀ ਮਹਿਦੂਦ ਕਰਕੇ ਰੱਖ ਦਿੱਤਾ ਗਿਆ ਹੈ। ਇਵੇਂ ਹੀ ਮਾਰਟਿਨ ਲੂਥਰ ਕਿੰਗ (ਜੂਨੀਅਰ) ਦੇ ਮਾਮਲੇ ਵਿੱਚ ਇਹ ਮਿੱਥ ਬਹੁਤ ਪ੍ਰਚਾਰੀ ਜਾਂਦੀ ਹੈ ਕਿ ਉਸ ਨੇ 'ਸੁਪਨਾ' ਦੇਖਿਆ, ਪਰ ਇਹ ਸੁਪਨਾ ਕੀ ਸੀ? ਅਤੇ ਉਹ ਇਸ ਨੂੰ ਕਿਵੇਂ ਪੂਰਾ ਕਰਨਾ ਚਾਹੁੰਦਾ ਸੀ? ਉਸ ਬਾਰੇ ਰਾਜਸੱਤਾ ਅਤੇ ਕਿਤਾਬਾਂ ਚੁੱਪ ਹੋ ਜਾਂਦੀਆਂ ਹਨ। ਜੇ ਅਸੀਂ ਉਸ ਦੇ ਕਤਲ ਤੋਂ ਤਿੰਨ ਸਾਲ ਪਹਿਲਾਂ ਦੀਆਂ ਤਕਰੀਰਾਂ ਨੂੰ ਸੁਣੀਏ ਜਾਂ ਵਿਚਾਰਾਂ ਨੂੰ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਉਹ ਜ਼ਿਆਦਾਤਰ ਆਰਥਿਕ ਪ੍ਰਬੰਧ ਦੇ ਅਸਫ਼ਲ ਹੋ ਜਾਣ ਬਾਰੇ, ਪੂੰਜੀਵਾਦ ਅਤੇ ਫੌਜੀਕਰਨ ਬਾਰੇ ਬੋਲ ਰਿਹਾ ਹੈ। ਉਹ ਵਾਰ-ਵਾਰ ਕਹਿ ਰਿਹਾ ਹੈ ਕਿ ਸਾਨੂੰ ਲੋਕਤੰਤਰੀ ਸਮਾਜਵਾਦ ਚਾਹੀਦਾ ਹੈ। ਇਹ ਉਹ ਸੁਪਨਾ ਸੀ, ਜਿਸ ਨੂੰ ਅਮਰੀਕੀ ਮੀਡੀਆ ਵੀ ਨਹੀਂ ਦੱਸਦਾ। ਉਸ ਨੇ ਰਿਵਰ ਸਾਇਡ ਚਰਚ (ਕਾਲਿਆਂ ਦੇ ਚਰਚ) ਵਿੱਚ ਕੀਤੇ ਭਾਸ਼ਣ ਵਿੱਚ ਅਮਰੀਕਾ ਦੇ ਵੀਅਤਨਾਮ ਉੱਪਰ ਹਮਲੇ ਦਾ ਵਿਰੋਧ ਕੀਤਾ ਤੇ ਕਿਹਾ ਕਿ ਅੱਜ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਹਿੰਸਾ ਅਮਰੀਕਾ ਕਰ ਰਿਹਾ ਹੈ। ਸਕੂਲ ਵਿੱਚ ਪੜ੍ਹਾਇਆ ਜਾਂਦਾ ਹੈ ਕਿ ਮਾਰਟਿਨ ਲੂਥਰ ਕਿੰਗ ਦੀ ਹੱਤਿਆ ਮੈਮਫਿਸ ਵਿੱਚ ਹੋਈ। ਕੋਈ ਵੀ ਅਧਿਆਪਕ ਇਹ ਨਹੀਂ ਦੱਸਦਾ ਕਿ ਉਹ ਉੱਥੇ ਗਿਆ ਕਿਉਂ ਸੀ? ਅਸਲ ਵਿੱਚ ਉੱਥੇ ਉਹ ਸਫ਼ਾਈ ਕਰਮਚਾਰੀਆਂ ਵੱਲੋਂ ਕੀਤੀ ਜਾ ਰਹੀ ਹੜਤਾਲ ਦੀ ਮਦਦ ਕਰਨ ਵਾਸਤੇ ਗਿਆ ਸੀ। ਆਪਣੀ ਹੱਤਿਆ ਤੋਂ ਪਹਿਲਾਂ ਉਹ ਵਾਸ਼ਿੰਗਟਨ ਵਿੱਚ ਦੱਬੇ-ਕੁਚਲੇ ਲੋਕਾਂ ਦੇ ਜਲੂਸ ਦਾ ਆਯੋਜਨ ਕਰ ਰਿਹਾ ਸੀ, ਪਰ ਜਾਣ-ਬੁੱਝ ਕੇ ਉਸ ਦੇ ਇਸ ਪੱਖ ਨੂੰ ਹਨੇਰੇ ਵਿੱਚ ਰੱਖਿਆ ਜਾਂਦਾ ਹੈ।

ਕੁੱਲ ਮਿਲਾ ਕੇ ਇਹਨਾਂ ਪਾਠ-ਪੁਸਤਕਾਂ ਦਾ ਸਾਰ ਤੱਤ ਇਹ ਹੈ ਕਿ ਹਰੇਕ ਦੇਸ਼ ਆਪਣੇ-ਆਪ ਨੂੰ ਇਸ ਤਰ੍ਹਾਂ ਦਿਖਾਉਂਦਾ ਹੈ, ਜਿਵੇਂ ਇਹ ਹਮੇਸ਼ਾ ਤੋਂ ਹੀ ਮਹਾਨ ਰਿਹਾ ਹੋਵੇ ਅਤੇ ਇਸ ਨੇਕ ਦੇ ਵੀ ਕੋਈ ਗਲਤ ਕੰਮ ਨਾ ਕੀਤਾ ਹੋਵੇ। ਇਸ ਨੇ ਹੀ ਸ਼ਾਂਤੀ, ਖੁਸ਼ਹਾਲੀ, ਸਮਾਨਤਾ, ਨਿਆਂ ਅਤੇ ਅਹਿੰਸਾ ਦਾ ਪਰਚਮ ਬੁਲੰਦ ਕੀਤਾ ਹੋਵੇ। ਹਰੇਕ ਦੇਸ਼ ਦੀ ਪਾਠ-ਪੁਸਤਕ ਬਹੁਤ ਹੀ ਹੁੱਬ ਕੇ ਦੱਸਦੀ ਹੈ ਕਿ ਉਸ ਦੇ ਦੇਸ਼ ਨੇ ਲੱਗਭੱਗ ਹਰੇਕ ਮੁਸ਼ਕਿਲ ਦਾ ਹੱਲ ਕਰ ਲਿਆ ਹੈ ਅਤੇ ਜੇ ਕੋਈ ਰਹਿ ਵੀ ਗਈ ਹੈ ਤਾਂ ਉਹ ਹੱਲ ਹੋਣ ਦੇ ਨਜ਼ਦੀਕ ਹੈ। ਇਸ ਉਪਰੋਕਤ ਪ੍ਰਵਚਨ ਅਨੁਸਾਰ ਹਰੇਕ ਦੇਸ਼ ਜਾਂ ਕੌਮ ਨੂੰ ਸ਼ੁਰੂ ਵਿੱਚ ਕੁਝ ਚੁਣੌਤੀਆਂ ਸਨ, ਜਿਹਨਾਂ ਨੂੰ ਪਾਰ ਕਰ ਲਿਆ ਗਿਆ ਹੈ। ਉਦਾਹਰਨ ਦੇ ਤੌਰ 'ਤੇ ਅਮਰੀਕਾ ਨੇ ਨਸਲ ਦੇ ਸੁਆਲ ਨੂੰ, ਭਾਰਤ ਨੇ ਜਾਤ-ਪਾਤ ਦੇ ਸੁਆਲ ਨੂੰ ਅਤੇ ਅਮੀਰੀ-ਗ਼ਰੀਬੀ ਦੇ ਪਾੜੇ ਨੂੰ ਘਟਾਉਣ ਲਈ ਕਾਨੂੰਨ ਬਣਾ ਦਿੱਤੇ ਹਨ। ਇਹਨਾਂ ਕਿਤਾਬਾਂ ਵਿੱਚ ਅਤੀਤ ਨੂੰ ਬਹੁਤ ਹੀ ਸ਼ਾਨਦਾਰ ਰੂਪ ਵਿੱਚ ਚਿਤਾਰਿਆ ਜਾਂਦਾ ਹੈ, ਇਸੇ ਕਰਕੇ ਇਤਿਹਾਸ ਦੀਆਂ ਕਿਤਾਬਾਂ ਦੇ ਸਿਰਲੇਖ ਪ੍ਰਸ਼ੰਸਾਤਮਕ ਹੁੰਦੇ ਹਨ, ਜਿਵੇਂ 'ਅਮਰੀਕਨ ਕੌਮ ਦਾ ਉਥਾਨ', 'ਅਜੇਤੂ ਅਮਰੀਕਨ ਕੌਮ', 'ਮਹਾਨ ਗਣਤੰਤਰ', 'ਅਜ਼ਾਦ ਲੋਕਾਂ ਦੀ ਧਰਤੀ', 'ਮਹਾਨ ਤਜਰਬੇ' ਆਦਿ। ਇਹ ਸਭ ਕੁਝ ਦਾ ਕੀ ਅਰਥ ਹੈ? ਜੇਮਜ਼ ਲੋਵੇਨ ਇੱਕ ਮੁਲਾਕਾਤ ਵਿੱਚ ਦੱਸਦਾ ਹੈ, "ਮੇਰੇ ਮੁਤਾਬਿਕ ਇਸ ਦਾ ਅਰਥ ਹੈ ਕਿ ਅਸੀਂ ਕਿਸੇ ਨਵੇਂ ਵਿਸ਼ੇ ਵਿੱਚ ਦਾਖਲ ਨਹੀਂ ਹੋ ਰਹੇ, ਤੇ ਨਾ ਹੀ ਅਸੀਂ ਇਤਿਹਾਸ ਬਾਰੇ ਕੁਝ ਸਿੱਖਣ ਜਾ ਰਹੇ ਹਾਂ, ਸਗੋਂ ਅਸੀਂ ਤਾਂ ਇਸ ਨੂੰ ਸਲਾਮ ਕਰਨ ਜਾ ਰਹੇ ਹਾਂ, ਅਸੀਂ ਤਾਂ ਝੰਡੇ ਨੂੰ ਸਲਾਮੀ ਦੇਣ ਜਾ ਰਹੇ ਹਾਂ, ਜਿਵੇਂ ਰਾਸ਼ਟਰਵਾਦ ਦੀ ਮਸ਼ਕ ਹੋਣ ਜਾ ਰਹੀ ਹੋਵੇ।

ਇੱਕ ਤਰ੍ਹਾਂ ਨਾਲ ਇਹ ਪੁਸਤਕਾਂ ਵਿਦਿਆਰਥੀਆਂ ਨੂੰ ਆਪਣੀ ਵਿਰਾਸਤ 'ਤੇ ਮਾਣ ਕਰਨਾ ਸਿਖਾਉਂਦੀਆਂ ਹਨ। ਇਸ ਤਰ੍ਹਾਂ ਦੇ ਇਤਿਹਾਸ ਨੂੰ ਲੋਵੇਨ 'ਫੀਲ ਗੁਡ ਹਿਸਟਰੀ' ਆਖਦਾ ਹੈ। ਇਸ ਨਾਲ ਵਿਦਿਆਰਥੀਆਂ ਦੇ ਮਨਾਂ ਵਿੱਚ ਆਲੋਚਨਾਤਮਕ ਸਮਝ ਪੈਦਾ ਨਹੀਂ ਹੁੰਦੀ, ਸਗੋਂ 'ਨਾਅਰੇ' ਵਾਲੀ ਦੇਸ਼ ਭਗਤੀ ਪੈਦਾ ਹੁੰਦੀ ਹੈ।

ਇਸ ਤਰ੍ਹਾਂ ਦੀ ਦੇਸ਼ ਭਗਤੀ ਵਿਦਿਆਰਥੀਆਂ ਦੇ ਮਨਾਂ 'ਤੇ ਕਿਸ ਤਰ੍ਹਾਂ ਦਾ ਅਸਰ ਪਾਉਂਦੀ ਹੈ, ਇਸ ਦੀ ਉਦਾਹਰਨ ਜ਼ਿੰਨ ਆਪਣੀ ਇੱਕ ਲਿਖਤ ਵਿੱਚ ਇਸ ਤਰ੍ਹਾਂ ਬਿਆਨ ਕਰਦਾ ਹੈ :

1991 ਦੀ ਖਾੜੀ ਦੀ ਲੜਾਈ ਚੱਲ ਰਹੀ ਸੀ ਤਾਂ ਉਸ ਸਮੇਂ ਮੈਂ (ਹਾਵਰਡ) ਮੈਸਅਚੂ ਸੇਟਸ ਦੇ ਇੱਕ ਹਾਈ ਸਕੂਲ ਵਿੱਚ ਜੰਗ ਦੇ ਵਿਰੁੱਧ ਲੈਕਚਰ ਦੇਣ ਗਿਆ। ਬਾਅਦ ਵਿੱਚ ਜਦੋਂ ਮੈਂ ਇੱਕ ਕਲਾਸ ਰੂਮ ਵਿੱਚ ਕੁਝ ਵਿਦਿਆਰਥੀਆਂ ਨਾਲ ਗੱਲਬਾਤ ਕਰ ਰਿਹਾ ਸੀ ਤਾਂ ਇੱਕ ਲੜਕੀ ਮੇਰੇ ਵੱਲ ਬਹੁਤ ਹੀ ਗੁੱਸੇ ਨਾਲ ਦੇਖ ਰਹੀ ਸੀ, ਪੂਰੇ ਲੈਕਚਰ ਦੌਰਾਨ ਉਸ ਦੇ ਚਿਹਰੇ ਉੱਪਰ ਮੇਰੇ ਬਾਰੇ ਬਹੁਤ ਹੀ ਨਫ਼ਰਤ ਦੇ ਹਾਵ-ਭਾਵ ਚੱਲ ਰਹੇ ਸਨ। ਅਚਾਨਕ ਚੱਲ ਰਹੀ ਗੱਲਬਾਤ ਵਿੱਚ ਆ ਕੇ ਉਹ ਗੁੱਸੇ ਨਾਲ ਬੋਲੀ, ਤੁਸੀਂ ਇਸ ਦੇਸ਼ ਵਿੱਚ ਕਿਉਂ ਰਹਿ ਰਹੇ ਹੋ? ਇਹ ਸੁਣ ਕੇ ਮੈਨੂੰ ਬਹੁਤ ਦਰਦ ਮਹਿਸੂਸ ਹੋਇਆ। ਇਹ ਅਜਿਹਾ ਪ੍ਰਸ਼ਨ ਹੈ, ਜਿਸ ਬਾਰੇ ਅਕਸਰ ਸੋਚਿਆ ਜਾਂਦਾ ਹੈ, ਪਰ ਅਣਕਿਹਾ ਹੀ ਰਹਿ ਜਾਂਦਾ ਹੈ। ਇਹ ਦੇਸ਼ ਭਗਤੀ ਦਾ, ਆਪਣੇ ਦੇਸ਼ ਪ੍ਰਤੀ ਵਫ਼ਾਦਾਰੀ ਦਾ ਮੁੱਦਾ ਹੈ, ਜੋ ਵਾਰ-ਵਾਰ ਉੱਠਦਾ ਹੈ, ਫਿਰ ਚਾਹੇ ਕੋਈ ਵਿਦੇਸ਼ ਨੀਤੀ ਦੀ ਆਲੋਚਨਾ ਕਰ ਰਿਹਾ ਹੋਵੇ ਜਾਂ ਫ਼ੌਜ ਵਿੱਚ ਭਰਤੀ ਹੋਣ ਤੋਂ ਟਾਲ-ਮਟੋਲ ਕਰ ਰਿਹਾ ਹੋਵੇ ਜਾਂ ਝੰਡੇ ਪ੍ਰਤੀ ਆਪਣੀ ਨਿਸ਼ਠਾ ਦਾ ਵਾਅਦਾ ਕਰਨ ਤੋਂ ਇਨਕਾਰ ਕਰ ਰਿਹਾ ਹੋਵੇ। 21

ਬੱਚੇ ਦੇ ਮਨ ਵਿੱਚ ਇਹ ਭਾਵਨਾ ਕਿੱਥੋਂ ਆਉਂਦੀ ਹੈ ਕਿ ਉਹ ਆਪਣੇ ਦੇਸ਼ ਦੀ ਸਰਕਾਰ ਬਾਰੇ ਇੱਕ ਵੀ ਸ਼ਬਦ ਨਾ ਸੁਣ ਸਕੇ। ਇਹ ਅਸਹਿਣਸ਼ੀਲਤਾ, ਗੁੱਸਾ ਤੇ ਦੂਜੇ ਪ੍ਰਤੀ ਇੰਨੀ ਨਫ਼ਰਤ ਕਿੱਥੋਂ ਆਉਂਦੀ ਹੈ? ਕੀ ਇਹ ਜਨਮ-ਜਾਤ ਹੀ ਹੁੰਦੀ ਹੈ?

ਜ਼ਿੰਨ ਇਸ ਦੀਆਂ ਜੜ੍ਹਾਂ ਬੱਚਿਆਂ ਨੂੰ ਦਿੱਤੀ ਜਾ ਰਹੀ ਸਿੱਖਿਆ ਵੱਲੋਂ ਸਿਰਜੇ ਜਾਂਦੇ ਖ਼ਾਸ ਤਰ੍ਹਾਂ ਦੇ ਸੱਭਿਆਚਾਰ ਵਿੱਚ ਦੇਖਦਾ ਹੈ, ਜਿਸ ਦੀ ਸ਼ੁਰੂਆਤ ਬੱਚੇ ਦੀ ਪਹਿਲੀ ਜਮਾਤ ਤੋਂ ਹੀ ਹੋ ਜਾਂਦੀ ਹੈ। ਜਦੋਂ ਬੱਚੇ ਨੂੰ ਪਹਿਲੀ ਜਮਾਤ ਤੋਂ ਹੀ ਆਪਣੀ ਵਿਰਾਸਤ ਦੇ ਮਹਾਨ ਹੋਣ ਤੇ ਸੰਸਾਰ ਵਿੱਚ ਸਰਵੋਤਮ ਹੋਣ ਬਾਰੇ ਸਿਰਫ਼ ਰੱਟੇ ਹੀ ਨਹੀਂ ਲਵਾਏ ਜਾਂਦੇ, ਸਗੋਂ ਹਰੇਕ ਦੇਸ਼ ਆਪਣੇ ਵਿਦਿਆਰਥੀਆਂ ਨੂੰ ਕੌਮ ਦਾ ਅਹਿਸਾਸ ਦਿਵਾਉਣ ਲਈ ਬਹੁਤ ਸਾਰੀਆਂ ਰਸਮਾਂ 'ਤੇ ਚਿੰਨ੍ਹ ਵਿਕਸਤ ਕਰਦਾ ਹੈ। ਇਹਨਾਂ ਪਾਠ-ਪੁਸਤਕਾਂ ਵਿੱਚ ਇੱਕੋ ਹੀ ਤਰ੍ਹਾਂ ਦੀਆਂ ਕਹਾਣੀਆਂ ਤੇ ਤੱਥਾਂ ਨੂੰ ਵਾਰ-ਵਾਰ ਇੱਕੋ ਹੀ ਢੰਗ ਨਾਲ ਪੜ੍ਹਾਇਆ ਜਾਂਦਾ ਹੈ। ਦੂਜੇ ਪਾਸੇ ਇੱਕੋ ਜਿਹੇ ਹੀ ਤੱਥਾਂ ਨੂੰ ਪਾਠ-ਪੁਸਤਕਾਂ ਵਿੱਚ ਵਾਰ-ਵਾਰ ਕਿਉਂ ਵਿਸਾਰਿਆ ਹੁੰਦਾ ਹੈ? ਇਹ ਪ੍ਰਕਿਰਿਆ ਜਾਂ ਦ੍ਰਿਸ਼ਟੀਕੋਣ ਤੁਹਾਨੂੰ ਇਹ ਅਹਿਸਾਸ ਕਰਵਾ ਦਿੰਦਾ ਹੈ ਕਿ "ਇਹ ਸੱਚ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਬੱਚੇ ਉਹੀ ਕੁਝ ਦੇਖਦੇ ਹਨ, ਜੋ ਉਹਨਾਂ ਨੂੰ ਸਕੂਲ ਨੇ ਦੇਖਣਾ ਸਿਖਾਇਆ ਹੈ। ਇਸ ਪੂਰੀ ਪ੍ਰਕਿਰਿਆ ਦਾ ਮਾਰਮਿਕ ਵਰਨਣ ਟਾਮ ਪੈਕਸਟਨ (Tom Paxton) ਨੇ ਅਮਰੀਕੀ ਸਿੱਖਿਆ ਤੰਤਰ ਨੂੰ ਆਧਾਰ ਬਣਾ ਕੇ ਆਪਣੇ ਗੀਤ ਵਿੱਚ ਪੇਸ਼ ਕੀਤਾ ਹੈ :

ਮੇਰੇ ਪਿਆਰੇ ਬੱਚੇ, ਅੱਜ ਤੁਸੀਂ ਸਕੂਲ ਵਿੱਚ ਕੀ ਸਿੱਖ ਕੇ ਆਏ,
ਮੈਂ ਸਿੱਖਿਆ ਕਿ ਵਾਸ਼ਿੰਗਟਨ ਕਦੇ ਝੂਠ ਨਹੀਂ ਬੋਲਦਾ,
ਮੈਂ ਸਿੱਖਿਆ ਕਿ ਸਿਪਾਹੀ ਘੱਟ ਹੀ ਮਰਦਾ,
ਮੈਂ ਸਿੱਖਿਆ ਕਿ ਹਰ ਕੋਈ ਅਜ਼ਾਦ ਹੈ,
ਇਹ ਸਭ ਕੁਝ ਮੇਰੇ ਅਧਿਆਪਕ ਨੇ ਮੈਨੂੰ ਸਿਖਾਇਆ ਹੈ
ਮੈਂ ਸਿੱਖਿਆ ਕਿ ਪੁਲਸ ਮੇਰੀ ਦੋਸਤ ਹੈ,
.......ਇਨਸਾਫ਼ ਕਦੇ ਖ਼ਤਮ ਨਹੀਂ ਹੁੰਦਾ,
ਜਿਹਨਾਂ ਨੇ ਜ਼ੁਲਮ ਕੀਤੇ ਹਨ, ਉਹ ਆਪਣੀ ਮੌਤ ਮਰਦੇ ਹਨ,
ਲੜਾਈ ਇੰਨੀ ਬੁਰੀ ਚੀਜ਼ ਨਹੀਂ ਹੈ,
ਮੈਂ ਸਾਡੀਆਂ ਮਹਾਨ ਲੜਾਈਆਂ ਬਾਰੇ ਸਿੱਖਿਆ ਹੈ,
ਅਸੀਂ ਜਰਮਨੀ ਅਤੇ ਫ਼ਰਾਸ ਵਿੱਚ ਵੀ ਲੜੇ ਸੀ,
ਕਿਸੇ ਨਾ ਕਿਸੇ ਦਿਨ ਇੱਕ ਮੌਕਾ ਮੈਨੂੰ ਵੀ ਜ਼ਰੂਰ ਮਿਲੇਗਾ ਲੜਾਈ ਲੜਨ ਵਾਸਤੇ,
ਇਹੀ ਕੁਝ ਸਿੱਖਿਆ ਹੈ ਅੱਜ ਸਕੂਲ ਵਿੱਚੋਂ,
ਮੈਂ ਸਿੱਖਿਆ ਕਿ ਸਰਕਾਰ ਤਾਕਤਵਰ ਹੋਣੀ ਚਾਹੀਦੀ ਹੈ,
ਇਹ ਸਦਾ ਹੀ ਠੀਕ ਹੁੰਦੀ ਹੈ, ਕਦੇ ਗਲਤ ਨਹੀਂ ਹੁੰਦੀ,
ਸਾਡੇ ਨੇਤਾ ਸਭ ਤੋਂ ਨੇਕ ਆਦਮੀ ਹੁੰਦੇ ਹਨ,
ਅਤੇ ਅਸੀਂ ਇਹਨਾਂ ਨੂੰ ਵਾਰ ਵਾਰ ਚੁਣਦੇ ਹਾਂ,
ਇਹੀ ਕੁਝ ਹੈ ਜੋ ਮੈਂ ਸਕੂਲ ਵਿੱਚੋਂ ਸਿੱਖਿਆ ਹੈ। 22

ਉਪਰੋਕਤ ਗੀਤ ਅਨੁਸਾਰ ਸਰਕਾਰਾਂ ਨਿਰਪੱਖ ਹੁੰਦੀਆਂ ਹਨ, ਉਹ ਨਾ ਤਾਂ ਕਦੇ ਗਲਤ ਹੁੰਦੀਆਂ ਹਨ ਤੇ ਨਾ ਹੀ ਕਦੇ ਝੂਠ ਬੋਲਦੀਆਂ ਹਨ। ਸਰਕਾਰ ਦੇ ਆਪਣੇ ਕੋਈ ਹਿੱਤ ਨਹੀਂ ਹੁੰਦੇ, ਉਹ ਹਮੇਸ਼ਾ ਹੀ ਆਮ ਲੋਕਾਂ ਦੇ ਕਲਿਆਣ ਲਈ ਹੁੰਦੀਆਂ ਹਨ। ਸੰਵਿਧਾਨ ਵੱਲੋਂ ਮਿਲੇ ਅਧਿਕਾਰਾਂ ਦੀ ਰਾਖੀ ਕਰਦੀਆਂ ਹਨ। ਦੇਸ਼ ਭਗਤੀ ਦਾ ਅਰਥ ਸਰਕਾਰ ਦੀਆਂ ਨੀਤੀਆਂ ਦਾ ਬਿਨਾਂ ਕਿਸੇ ਇਤਰਾਜ਼ ਅਤੇ ਸਵਾਲ ਤੋਂ ਸਮਰਥਨ ਕਰਨਾ ਹੁੰਦਾ ਹੈ। ਅਸਲ ਵਿੱਚ ਸਕੂਲ ਦੇ ਵਿਦਿਆਰਥੀਆਂ ਨੂੰ ਅਧਿਆਪਕ 'ਡਰਿਲ' ਕਰਵਾਉਣ ਵਾਂਗ ਹੁਕਮ ਦਿੰਦੇ ਹਨ ਅਤੇ ਆਗਿਆਕਾਰੀ ਬਣਨ ਦੀ ਸਿਖਲਾਈ ਦਿੰਦੇ ਹਨ। ਇਸ ਤਰ੍ਹਾਂ ਕਰਕੇ ਉਹ ਵਿਦਿਆਰਥੀਆਂ ਨੂੰ ਦੇਸ਼ ਪ੍ਰਤੀ ਨਹੀਂ, ਸਗੋਂ ਸਰਕਾਰ ਪ੍ਰਤੀ ਆਗਿਆਕਾਰੀ ਬਣਾਉਂਦੇ ਹਨ। ਇਹ ਕਿਤਾਬਾਂ ਸਿਰਫ਼ ਹੁਕਮ ਮੰਨਣ ਵਾਲੇ 'ਜੀ ਹਜ਼ੂਰੀਏ' ਪੈਦਾ ਕਰਦੀਆਂ ਹਨ ਨਾ ਕਿ ਸੋਚਣ ਸ਼ਕਤੀ ਵਾਲੇ ਇਨਸਾਨ। ਇਹ ਪ੍ਰਵਚਨ ਦੇਸ਼ ਭਗਤੀ ਅਤੇ ਸਰਕਾਰ ਭਗਤੀ ਨੂੰ ਇਕਮਿਕ ਕਰ ਦਿੰਦਾ ਹੈ। ਇਸ ਕਰਕੇ ਬੱਚਿਆਂ ਵਿੱਚ ਆਲੋਚਨਾਤਮਕ ਨਜ਼ਰੀਆ ਵਿਕਸਿਤ ਨਹੀਂ ਹੁੰਦਾ।

ਸਾਡੇ ਦੁਆਲੇ ਖ਼ਾਸ ਤਰ੍ਹਾਂ ਦਾ ਮਾਹੌਲ ਤਿਆਰ ਕੀਤਾ ਜਾਂਦਾ ਹੈ, ਜਿਸ ਵਿੱਚ ਮਾਸੂਮ ਵਿਦਿਆਰਥੀਆਂ ਨੂੰ ਹਿਸਟੀਰਿਆ ਦੀ ਹੱਦ ਤੱਕ ਪਹੁੰਚਾ ਦਿੱਤਾ ਜਾਂਦਾ ਹੈ। ਇਸ ਕਰਕੇ ਉਹਨਾਂ ਨੂੰ ਕੋਈ ਸਪੱਸ਼ਟਤਾ ਨਹੀਂ ਰਹਿੰਦੀ ਕਿ ਸਰਕਾਰ ਅਤੇ ਦੇਸ਼ ਵਿੱਚ ਕੀ ਫ਼ਰਕ ਹੈ? ਸਰਕਾਰ ਤੇ ਦੇਸ਼ ਭਗਤੀ ਵਿੱਚ ਕੀ ਅੰਤਰ ਹੈ?

ਜਦੋਂ ਇਸ ਅੰਨ੍ਹੀ ਸ਼ਰਧਾ ਨਾਲ ਗ੍ਰਸਤ ਬੱਚਾ ਸਮਾਜ ਵਿੱਚ ਵਿਚਰਦਾ ਹੈ ਤਾਂ ਆਪਣਾ ਨਿਰਣਾ ਪਹਿਲਾਂ ਹੀ ਬਣਾ ਕੇ ਆਉਂਦਾ ਹੈ ਕਿ ਸਰਕਾਰਾਂ ਦੀ ਨੀਅਤ ਕਦੇ ਬੁਰੀ ਨਹੀਂ ਹੁੰਦੀ ਤੇ ਉਹ ਹਮੇਸ਼ਾ ਹੀ ਠੀਕ ਹੁੰਦੀਆਂ ਹਨ। ਇਸ ਤਰ੍ਹਾਂ ਨਾਲ ਉਹ ਮਨੁੱਖਾਂ ਨੂੰ 'ਚੰਗੇ ਲੋਕ' ਤੇ 'ਬੁਰੇ ਲੋਕ' ਵਾਲੇ ਵਿਰੋਧੀ ਜੁੱਟਾਂ ਵਿੱਚ ਵੇਖਣਾ ਸ਼ੁਰੂ ਕਰ ਦਿੰਦਾ ਹੈ। ਫਿਰ ਜਦੋਂ ਸਰਕਾਰ ਦੇਸ਼ ਭਗਤੀ ਜਾਂ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਨਾਂਅ 'ਤੇ ਕਿਤੇ ਵੀ ਹਮਲਾ ਕਰਨ ਦਾ ਸੱਦਾ ਦਿੰਦੀ ਹੈ ਤਾਂ ਉਹ ਇਕਦਮ ਸਹਿਮਤ ਹੋ ਜਾਂਦਾ ਹੈ। ਜਦੋਂ ਵਿਦਿਆਰਥੀ ਦਾ ਦ੍ਰਿਸ਼ਟੀਕੋਣ ਇਸ ਤਰ੍ਹਾਂ ਦਾ ਬਣ ਜਾਂਦਾ ਹੈ ਤਾਂ ਉਸ ਦਾ ਨਜ਼ਰੀਆ ਇਕੱਲੇ ਦੇਸ਼ ਭਗਤੀ ਦੇ ਮਸਲੇ ਨੂੰ ਹੀ ਨਹੀਂ ਬਲਕਿ ਇਲਾਕੇ, ਭਾਸ਼ਾ, ਨਸਲ, ਜਾਤ, ਧਰਮ ਆਦਿ ਦੇ ਮਸਲਿਆਂ ਨੂੰ ਵੀ ਵਿਰੋਧੀ ਜੁੱਟਾਂ ਵਿੱਚ ਵੰਡਣ ਵਾਲੀ ਮਾਨਸਿਕਤਾ ਵਿੱਚੋਂ ਦੇਖਣਾ ਤੇ ਸਮਝਣਾ ਸ਼ੁਰੂ ਕਰ ਦਿੰਦਾ ਹੈ। ਇਸ ਨਾਲ ਵਿਦਿਆਰਥੀ ਦਾ ਦ੍ਰਿਸ਼ਟੀਕੋਣ ਸਮੁੱਚ ਮੁਖੀ ਹੋਣ ਦੀ ਥਾਂ ਇੱਕ ਪਾਸੜ ਬਣ ਕੇ ਰਹਿ ਜਾਂਦਾ ਹੈ। ਜਦੋਂ ਵਿਦਿਆਰਥੀ ਇੱਕ ਵਾਰ ਆਪਣਾ ਦ੍ਰਿਸ਼ਟੀਕੋਣ ਬਣਾ ਲੈਂਦਾ ਹੈ ਤਾਂ ਫਿਰ ਉਸ ਨੂੰ ਸੋਚਣ ਦੀ ਲੋੜ ਨਹੀਂ ਪੈਂਦੀ ਤੇ ਨਾ ਹੀ ਉਹ ਆਪਣੇ ਫ਼ੈਸਲਿਆਂ 'ਤੇ ਮੁੜ ਨਜ਼ਰਸਾਨੀ ਕਰਦਾ ਹੈ। ਇਸ ਤਰ੍ਹਾਂ ਨਾਲ ਉਹ ਅਜਿਹੀ ਬੰਦ ਗਲੀ ਵਿੱਚ ਪਹੁੰਚਦਾ ਹੈ, ਜਿਸ ਤੋਂ ਅੱਗੇ ਕੋਈ ਰਸਤਾ ਨਹੀਂ ਨਿਕਲਦਾ ਤੇ ਬਿਨਾਂ ਕੁਝ ਸੋਚ-ਵਿਚਾਰ ਜਾਂ ਅਹਿਸਾਸ ਦੇ ਉਹ ਸਭ ਕੁਝ ਕਰੀ ਜਾਂਦਾ ਹੈ। ਉਹ ਹਰ ਤਰ੍ਹਾਂ ਦੀ ਭਗਤੀ ਫਿਰ ਚਾਹੇ ਉਹ ਦੇਸ਼ ਭਗਤੀ ਹੋਵੇ, ਚਾਹੇ ਪੰਥ ਭਗਤੀ ਵਿੱਚ ਏਨਾ ਅੰਨ੍ਹਾ ਹੋ ਜਾਂਦਾ ਹੈ ਕਿ ਇਨਸਾਨੀਅਤ ਵਾਲਾ ਮਾਪਦੰਡ ਹੀ ਖ਼ਤਮ ਹੋ ਜਾਂਦਾ ਹੈ।

ਇਸ ਤਰ੍ਹਾਂ ਇਹ ਬੱਚੇ ਸਕੂਲਾਂ ਵਿੱਚੋਂ ਅੰਨ੍ਹੀ ਸ਼ਰਧਾ ਲੈ ਕੇ ਅਤੇ ਅੰਨ੍ਹੇ ਭਗਤ ਬਣ ਕੇ ਬਾਹਰ ਆਉਂਦੇ ਹਨ।

ਸਿੱਖਿਆ ਦਾ ਸਭ ਤੋਂ ਵੱਡਾ ਅਦਾਰਾ ਯੂਨੀਵਰਸਿਟੀਆਂ ਹਨ, ਜਿੱਥੇ ਸਮਾਜ ਆਪਣੇ ਨੌਜਵਾਨਾਂ ਨੂੰ ਭਵਿੱਖ ਦੀ ਵਾਗਡੋਰ ਸਾਂਭਣ ਲਈ ਤਿਆਰ ਕਰਦਾ ਹੈ। ਉਹਨਾਂ ਨੂੰ ਆਪਣੇ ਚੌਗਿਰਦੇ ਪ੍ਰਤੀ ਨਾ ਸਿਰਫ਼ ਸੰਵੇਦਨਸ਼ੀਲ ਬਣਾਇਆ ਜਾਂਦਾ ਹੈ, ਸਗੋਂ ਇਹ ਸੋਚਣ ਦੇ ਯੋਗ ਵੀ ਬਣਾਇਆ ਜਾਂਦਾ ਹੈ ਕਿ ਸੰਸਾਰ ਜਿਸ ਤਰ੍ਹਾਂ ਦਾ ਹੈ, ਇਸ ਤਰ੍ਹਾਂ ਦਾ ਕਿਉਂ ਹੈ? ਇਸੇ ਲਈ ਯੂਨੀਵਰਸਿਟੀਆਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਯੂਨੀਵਰਸਿਟੀਆਂ ਉਹ ਥਾਵਾਂ ਹੁੰਦੀਆਂ ਹਨ, ਜਿੱਥੇ ਭੈਅ ਨਾਂਅ ਦੀ ਕੋਈ ਸ਼ੈਅ ਨਹੀਂ ਹੁੰਦੀ, ਵਿਵੇਕ ਦੀ ਧਾਰਾ ਕਦੇ ਸੁੱਕਦੀ ਨਹੀਂ, ਜਿੱਥੇ ਅਜ਼ਾਦ ਅਤੇ ਆਲੋਚਨਾਤਮਕ ਸੋਚ ਨੂੰ ਪਨਪਣ ਦਾ ਪੂਰਾ-ਪੂਰਾ ਮੌਕਾ ਦਿੱਤਾ ਜਾਂਦਾ ਹੈ, ਜਿੱਥੇ ਸ਼ਾਇਰੀ ਸ਼ਊਰ ਅਤੇ ਠੋਸ ਬ੍ਰਹਿਮੰਡੀ ਚੇਤਨਾ ਦੀ ਫੁਹਾਰ ਚੱਲਦੀ ਹੈ, ਜਿੱਥੇ ਵਿਦਿਆਰਥੀਆਂ ਨੂੰ ਪ੍ਰਸ਼ਨ ਕਰਨਾ, ਵਿਚਾਰ ਕਰਨਾ, ਆਲੋਚਨਾਤਮਕ ਵਿਸ਼ਲੇਸ਼ਣ ਕਰਨਾ, ਨਵੀਆਂ ਗੀਤਾਂ ਚਲਾਉਣਾ, ਚੀਜ਼ਾਂ ਨੂੰ ਨਵੇਂ ਸਿਰਿਉਂ ਵਿਉਂਤਣਾ ਜਾਂ ਕਲਪਨਾ ਕਰਨ ਦੇ ਅਵਸਰ ਮੁਹੱਈਆ ਕਰਾਏ ਜਾਂਦੇ ਹਨ। ਸਮਾਜ ਦੀਆਂ ਸਮੱਸਿਆਵਾਂ ਦਾ ਹੱਲ ਤਲਾਸ਼ਣ ਲਈ ਤੇ ਇਸ ਵਿੱਚ ਆਈ ਖੜੋਤ ਨੂੰ ਤੋੜਨ ਵਾਸਤੇ, ਸ਼ਾਂਤੀ, ਸਮਾਨਤਾ ਅਤੇ ਨਿਆਂ ਪਸੰਦ ਸਮਾਜ ਬਣਾਉਣ ਲਈ ਵਿਦਿਆਰਥੀਆਂ ਨੂੰ ਪੜ੍ਹਾਉਣ ਦੇ ਨਾਲ-ਨਾਲ ਉਹਨਾਂ ਅੰਦਰ ਖੋਜ ਬਿਰਤੀ ਨੂੰ ਵੀ ਵਿਕਸਿਤ ਕੀਤਾ ਜਾਂਦਾ ਹੈ। ਯੂਨੀਵਰਸਿਟੀ ਆਪਣੇ ਗਿਆਨ ਦੁਆਰਾ ਵਿਦਿਆਰਥੀਆਂ ਲਈ ਪ੍ਰੰਪਰਾਵਾਂ ਨੂੰ ਪੜਚੋਲਣ ਅਤੇ ਮੁੜ ਤੋਂ ਸਿਰਜਣ ਦਾ ਮਾਹੌਲ ਦਿੰਦੀ ਹੈ। 1989 ਦੇ ਨਿਊਜ਼ੀਲੈਂਡ ਐਜੂਕੇਸ਼ਨ ਐਕਟ ਵਿੱਚ ਯੂਨੀਵਰਸਿਟੀ ਬਾਰੇ ਕਿਹਾ ਗਿਆ ਹੈ ਕਿ "ਯੂਨੀਵਰਸਿਟੀ ਆਲੋਚਕ ਦੀ ਭੂਮਿਕਾ ਨਿਭਾਉਂਦੇ ਹੋਏ ਸਮਾਜ ਦੀ ਚੇਤਨਾ ਬਣ ਕੇ ਉੱਭਰਦੀ ਹੈ। 23 ਕੋਠਾਰੀ ਕਮਿਸ਼ਨ ਆਪਣੀ ਰਿਪੋਰਟ ਵਿੱਚ ਲਿਖਦਾ ਹੈ ਕਿ "ਯੂਨੀਵਰਸਿਟੀ ਵਿਚਾਰਾਂ ਅਤੇ ਆਦਰਸ਼ਵਾਦ ਦੇ ਪਨਪਣ ਦੀ ਥਾਂ ਹੈ ਅਤੇ ਉਹ ਆਪਣੇ ਸਾਰੇ ਬਾਸ਼ਿੰਦਿਆਂ ਤੋਂ ਉੱਚ ਦਰਜੇ ਦੇ ਵਿਹਾਰ ਅਤੇ ਇਮਾਨਦਾਰੀ ਦੀ ਉਮੀਦ ਕਰਦੀ ਹੈ। ਇਸ ਦਾ ਮਕਸਦ ਸੱਚ ਨੂੰ ਵੱਖ-ਵੱਖ ਪੱਖਾਂ ਤੋਂ ਸਮਝਣ ਦੇ ਕਾਰਜ ਨੂੰ ਬਿਨਾਂ ਕਿਸੇ ਡਰ ਤੇ ਹੌਸਲੇ ਨਾਲ ਉਤਮਤਾ ਵੱਲ ਲੈ ਕੇ ਜਾਣਾ ਹੈ। ਮਹਾਨ ਯੂਨੀਵਰਸਿਟੀਆਂ ਅਤੇ ਹੌਲੇ ਦਿਲ ਵਾਲੇ ਲੋਕਾਂ ਦਾ ਇਕੱਠੇ ਚੱਲਣਾ ਮੁਸ਼ਕਿਲ ਹੁੰਦਾ ਹੈ। 24

ਦੁਨੀਆ ਭਰ ਵਿੱਚ ਯੂਨੀਵਰਸਿਟੀਆਂ ਬਾਰੇ ਕੀਤੇ ਜਾਣ ਵਾਲੇ ਇਹ ਦਾਅਵੇ ਕਿੰਨੇ ਕੁ ਅਸਲੀਅਤ 'ਤੇ ਖਰੇ ਉਤਰਦੇ ਹਨ, ਅਗਲੇ ਪੰਨਿਆਂ ਵਿੱਚ ਇਸ ਦੀ ਪੜਚੋਲ ਕਰਾਂਗੇ।

ਸਭ ਤੋਂ ਪਹਿਲਾਂ ਜੇ ਇਹਨਾਂ ਸੰਸਥਾਵਾਂ ਵਿੱਚ ਕਰਾਏ ਜਾਂਦੇ ਕੋਰਸਾਂ ਦੇ ਨਾਵਾਂ ਵੱਲ ਜ਼ਰਾ ਧਿਆਨ ਮਾਰਿਆ ਜਾਵੇ ਤਾਂ ਸਹਿਜੇ ਹੀ ਪਤਾ ਚਲਦਾ ਹੈ ਕਿ ਇਹਨਾਂ ਕੋਰਸਾਂ ਦੇ ਨਾਮਕਰਨ ਸਮੇਂ ਭਾਸ਼ਾ ਅਤੇ ਸ਼ਬਦਾਵਲੀ ਦੀ ਚੋਣ ਬਹੁਤ ਸੋਚ-ਸਮਝ ਕੇ ਕੀਤੀ ਜਾਂਦੀ ਹੈ। ਇਹਨਾਂ ਨਾਵਾਂ ਨੂੰ ਬਹੁਤ ਹੀ ਆਕਰਸ਼ਕ, ਰੌਚਕ ਅਤੇ ਲੁਭਾਊ ਬਣਾਇਆ ਜਾਂਦਾ ਹੈ। ਪਹਿਲੀ ਨਜ਼ਰੇ ਇਹਨਾਂ ਦੇ ਅਰਥ ਵੀ ਬਹੁਤ ਵਿਆਪਕ ਲੱਗਦੇ ਹਨ। ਇਸ ਨਾਮਕਰਨ ਕਰਨ ਦੀ ਰਾਜਨੀਤੀ ਨੂੰ ਜ਼ਿੰਨ ਇੱਕ ਉਦਾਹਰਨ ਨਾਲ ਸਪੱਸ਼ਟ ਕਰਦਾ ਹੈ ਕਿ ਅਮਰੀਕੀ ਵਿਦੇਸ਼ ਨੀਤੀ ਦੀ ਪੜ੍ਹਾਈ ਲਈ ਅਕਾਦਮਿਕ ਹਲਕਿਆਂ ਵਿੱਚ 'ਕੂਟਨੀਤਿਕ ਇਤਿਹਾਸ' (ਡਿਪਲੋਮੈਟਿਕ ਹਿਸਟਰੀ) ਦਾ ਸ਼ਬਦ ਵਰਤਿਆ ਜਾਂਦਾ ਹੈ। ਇਸ ਦਾ ਅਰਥ ਹੈ ਕਿ ਅਮਰੀਕਾ ਦੀ ਕੂਟਨੀਤੀ ਦੇ ਇਤਿਹਾਸ ਨੂੰ ਬਹੁਤ ਮੁਲਾਇਮ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਦਰਸਾਇਆ ਜਾਂਦਾ ਹੈ ਕਿ ਯੂ.ਐੱਸ.ਏ. ਮਿਹਰਬਾਨ ਤਾਕਤ ਹੈ ਪਰੰਤੂ ਕਦੇ-ਕਦੇ ਉਹ ਗਲਤੀ ਨਾਲ ਇੱਧਰ ਉਧਰ ਭਟਕ ਜਾਂਦੀ ਹੈ। 25 ਹਕੀਕਤ ਵਿੱਚ ਇਹਨਾਂ ਕੋਰਸਾਂ ਵਿੱਚ ਅਮਰੀਕੀਆਂ ਦੁਆਰਾ ਦੁਨੀਆ ਪੱਧਰ ਉੱਪਰ ਕੀਤੇ ਕਤਲੇਆਮਾਂ ਨੂੰ (ਵੀਅਤਨਾਮ, ਈਰਾਕ, ਅਫਗਾਨਿਸਤਾਨ ਆਦਿ ਦੇ ਪ੍ਰਸੰਗ ਵਿੱਚ), 'ਕਦੇ-ਕਦੇ' ਕੀਤੀ ਗਲਤੀ ਜਾਂ ਥੋੜ੍ਹੀ ਜਿਹੀ ਭਟਕਣ ਮੰਨ ਕੇ ਮੁਆਫ਼ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਪੂਰੇ ਦਾ ਪੂਰਾ ਕੋਰਸ ਇੱਕਤਰਫ਼ਾ ਜਾਂ ਸਰਕਾਰੀ ਨਜ਼ਰੀਏ ਅਨੁਸਾਰ ਪੜ੍ਹਾਇਆ ਜਾਂਦਾ ਹੈ। ਇਸੇ ਤਰ੍ਹਾਂ ਦੀ ਪ੍ਰਵਿਰਤੀ ਦੁਨੀਆ ਦੀਆਂ ਤਕਰੀਬਨ ਸਾਰੀਆਂ ਉੱਚ ਵਿਦਿਅਕ ਸੰਸਥਾਵਾਂ ਵਿੱਚ ਹੈ। ਅਸਲੀਅਤ ਵਿੱਚ ਇਹ ਕੋਰਸ ਪੂਰਨ ਰੂਪ ਵਿੱਚ ਭਰਾਂਤੀ ਜਨਕ ਹੁੰਦੇ ਹਨ, ਯਾਨੀ ਕਿ ਜਾਰਜ ਔਰਵੈੱਲ (George Orwell) ਦੁਆਰਾ ਕੀਤੀ ਗਈ ਭਾਸ਼ਾ ਦੀ ਰਾਜਨੀਤੀ ਦੀ ਵਿਆਖਿਆ ਨੂੰ ਹੂ-ਬ-ਹੂ ਲਾਗੂ ਕੀਤਾ ਗਿਆ ਹੁੰਦਾ ਹੈ।

ਇਹ ਉੱਚ ਵਿੱਦਿਅਕ ਸੰਸਥਾਵਾਂ ਇਹ ਵੀ ਦਾਅਵਾ ਕਰਦੀਆਂ ਹਨ ਕਿ ਇਹ ਵਿਦਿਆਰਥੀਆਂ ਵਿੱਚ ਆਲੋਚਨਾਤਮਕ ਦ੍ਰਿਸ਼ਟੀਕੋਣ ਪੈਦਾ ਕਰਦੀਆਂ ਹਨ, ਜਿਸ ਦਾ ਅਰਥ ਹੈ ਕਿ ਵਿਦਿਆਰਥੀ ਨੂੰ ਇੱਕ ਸਮੱਸਿਆ ਦੇ ਅਲੱਗ-ਅਲੱਗ ਪਹਿਲੂਆਂ ਤੋਂ ਜਾਣਨ-ਸਮਝਣ ਵਿੱਚ ਸਿੱਖਿਅਤ ਕੀਤਾ ਜਾਵੇਗਾ ਤਾਂ ਜੋ ਉਹ ਬਿਨਾਂ ਕਿਸੇ ਡਰ, ਭੈਅ ਤੋਂ ਹਰ ਸ਼ੈਅ 'ਤੇ ਪ੍ਰਸ਼ਨ ਚਿੰਨ੍ਹ ਲਾ ਸਕੇ, ਅਤੀਤ ਬਾਰੇ ਸਾਡੀਆਂ ਮਨੌਤਾਂ ਅਤੇ ਦ੍ਰਿਸ਼ਟੀਕੋਣਾਂ ਨਾਲ ਖੁੱਲ੍ਹੇ ਮਨ ਨਾਲ ਸੰਵਾਦ ਕਰ ਸਕੇ ਅਤੇ ਸਮਾਜ ਵਿੱਚ ਪਹਿਲਾਂ ਤੋਂ ਚਲੇ ਆਉਂਦੇ ਵਤੀਰੇ ਅਤੇ ਵਿਸ਼ਵਾਸਾਂ ਨੂੰ ਸੰਦੇਹ ਨਾਲ ਦੇਖ ਸਕੇ, ਕਿਉਂਕਿ ਸੰਦੇਹ ਹੀ ਉਹ ਅਵਸਥਾ ਹੈ, ਜਿਹੜੀ ਨਵੇਂ ਗਿਆਨ ਨੂੰ ਜਨਮ ਦਿੰਦੀ ਹੈ। ਇਹ ਗਿਆਨ ਹੀ ਉਸ ਨੂੰ ਹਰ ਸਮੱਸਿਆ ਦੀ ਨਿਰਖ-ਪਰਖ ਕਰਨ ਦੇ ਯੋਗ ਬਣਾਉਂਦਾ ਹੈ। ਅਸਲੀਅਤ ਵਿੱਚ ਕੀ ਹੁੰਦਾ ਹੈ, ਮਿਸਾਲ ਵਜੋਂ ਪਿਛਲੇ ਦਿਨੀਂ ਦਿੱਲੀ ਯੂਨੀਵਰਸਿਟੀ ਦੇ ਸਿਲੇਬਸ ਵਿੱਚੋਂ ਮਹਾਸ਼ਵੇਤਾ ਦੇਵੀ ਦੀ ਕਹਾਣੀ 'ਦਰੋਪਦੀ', ਜੋ ਆਦਿਵਾਸੀ ਔਰਤ ਦੀ ਹੋਣੀ ਦਾ ਮਾਰਮਿਕ ਚਿੱਤਰ ਪੇਸ਼ ਕਰਦੀ ਹੈ, ਨੂੰ ਇਸ ਕਰਕੇ ਹਟਾ ਦਿੱਤਾ ਗਿਆ, ਕਿਉਂਕਿ ਇਸ ਵਿੱਚ ਭਾਰਤੀ ਫੌਜੀ ਅਫ਼ਸਰ ਉਸ ਨਾਲ ਬਲਾਤਕਾਰ ਕਰਦੇ ਦਿਖਾਏ ਗਏ ਹਨ। ਇਹ ਦਾਅਵਾ ਕੀਤਾ ਗਿਆ ਕਿ ਇਸ ਨਾਲ ਵਿਦਿਆਰਥੀਆਂ ਦੇ ਮਨਾਂ ਅੰਦਰ ਭਾਰਤੀ ਫ਼ੌਜ ਪ੍ਰਤੀ ਨਕਾਰਾਤਮਕ ਨਜ਼ਰੀਆ ਪੈਦਾ ਹੋਵੇਗਾ, ਜਦੋਂ ਕਿ ਇਹ ਕਹਾਣੀ ਅੰਡਰ ਗ੍ਰੈਜੂਏਟ ਕੋਰਸ ਦੇ ਪੰਜਵੇਂ ਸਮੈਸਟਰ ਵਿੱਚ ਔਰਤ ਲੇਖਕ ਦੇ ਪੇਪਰ ਵਿੱਚ 1999 ਤੋਂ ਪੜ੍ਹਾਈ ਜਾ ਰਹੀ ਹੈ। ਇਸੇ ਹੀ ਤਰਜ਼ 'ਤੇ ਤਮਿਲ ਦਲਿਤ ਨਾਰੀਵਾਦੀ ਲੇਖਕਾਂ ਬਾਮਾ ਫੌਸਟੀਨਾਸੂ ਸਾਈਰਾਜ ਅਤੇ ਸੁਕਿਰਥਰਾਨੀ ਦੀਆਂ ਲਿਖਤਾਂ ਨੂੰ ਵੀ ਖਾਰਜ ਕੀਤਾ ਗਿਆ ਹੈ। ਇਨ੍ਹਾਂ ਨੇ ਆਪਣੀਆਂ ਲਿਖਤਾਂ ਵਿੱਚ ਭਾਰਤੀ ਸਮਾਜ ਅੰਦਰ ਦਲਿਤ ਔਰਤ ਨਾਲ ਜਾਤ ਅਤੇ ਲਿੰਗ ਦੇ ਨਾਂਅ ਉੱਪਰ ਹੋ ਰਹੇ ਅਣਮਨੁੱਖੀ ਵਿਵਹਾਰ ਦਾ ਵਰਨਣ ਕੀਤਾ। ਇਹਨਾਂ ਉੱਪਰ ਵੀ ਦੋਸ਼ ਹੈ ਕਿ ਇਹਨਾਂ ਦੀਆਂ ਲਿਖਤਾਂ ਵਿੱਚ ਸੈਕਸ ਨਾਲ ਸੰਬੰਧਤ ਸਮੱਗਰੀ ਹੈ। ਇਸ ਵਿੱਚ ਦਲਿਤ ਔਰਤ ਨਾਲ ਹੋ ਰਹੇ ਬਲਾਤਕਾਰ ਦਾ ਬਹੁਤ ਹੀ ਭਿਆਨਕ ਢੰਗ ਨਾਲ ਚਿਤਰਨ ਕੀਤਾ ਗਿਆ ਹੈ। ਇਹ ਕਿਹਾ ਗਿਆ ਕਿ ਇਸ ਤਰ੍ਹਾਂ ਦੀ ਤਫ਼ਸੀਲ ਨੌਜਵਾਨ ਬੱਚਿਆਂ ਲਈ ਮਾਨਸਿਕ ਤੌਰ 'ਤੇ ਬਹੁਤ ਹੀ ਕਸ਼ਟਦਾਇਕ ਹੈ। ਦਿੱਲੀ ਯੂਨੀਵਰਸਿਟੀ ਦੇ ਅਧਿਆਪਕ ਦੇਬਰਾਜ ਮੁਖਰਜੀ ਇਸ ਵਰਤਾਰੇ ਉੱਪਰ ਟਿੱਪਣੀ ਕਰਦੇ ਹਨ, "ਉੱਚ ਸਿੱਖਿਆ ਦਾ ਅਰਥ, ਖ਼ਾਸ ਤੌਰ 'ਤੇ ਸਮਾਜ ਵਿਗਿਆਨ ਦੇ ਵਿਦਿਆਰਥੀਆਂ ਲਈ, ਸਮਾਜ ਦੇ ਤਾਣੇ-ਬਾਣੇ ਵਿੱਚ ਪਈਆਂ ਤਰੇੜਾਂ ਦੇ ਕੌੜੇ ਸੱਚ ਨਾਲ ਦਸਤ ਪੰਜਾ ਲੈਣਾ ਹੈ। ਇਸ ਤਰ੍ਹਾਂ ਕਰਨ ਨਾਲ ਹੀ ਵਿਦਿਆਰਥੀਆਂ ਵਿੱਚ ਆਲੋਚਨਾਤਮਕ ਸਮਝ ਪੈਦਾ ਹੁੰਦੀ ਹੈ। ਸਮਾਜ ਦੀਆਂ ਤਰੇੜਾਂ ਦਾ ਮਾਰਮਿਕ ਚਿਤਰਨ ਕਰਦੀਆਂ ਲਿਖਤਾਂ ਨੂੰ ਪੜ੍ਹਨਾ, ਪਰੇਸ਼ਾਨੀ ਦਾ ਕਾਰਨ ਤਾਂ ਬਣਦਾ ਹੈ ਪਰੰਤੂ ਇਹਨਾਂ ਮੁਸ਼ਕਿਲਾਂ ਨਾਲ ਜੂਝਣਾ ਅਤੇ ਲੇਖਕ ਦੀ ਨੁਕਤਾ ਨਿਗਾਹ ਨੂੰ ਸਮਝਣਾ ਗੁੰਝਲਦਾਰ ਵਿਚਾਰਾਂ ਨੂੰ ਸਮਝਣ ਦਾ ਹੀ ਹਿੱਸਾ ਹੁੰਦਾ ਹੈ। 26 ਇਸ ਕਰ ਕੇ ਜੋ ਵੀ ਲਿਖਤ ਸਾਡੇ ਸਮਾਜ ਦੀ ਅਸਲੀਅਤ ਨੂੰ ਬਿਆਨਦੀ ਹੈ, ਨੌਜਵਾਨਾਂ ਨੂੰ ਅਜ਼ਾਦ ਹੋ ਕੇ ਸੋਚਣ ਲਈ ਪ੍ਰੇਰਿਤ ਕਰਦੀ ਹੈ, ਉਸ ਨੂੰ ਸਿਲੇਬਸ ਵਿੱਚੋਂ ਖਾਰਜ ਕੀਤਾ ਜਾ ਰਿਹਾ ਹੈ।

ਭਾਰਤੀ ਯੂਨੀਵਰਸਿਟੀਆਂ ਬਾਰੇ ਆਪਣੇ ਅਧਿਐਨ ਵਿੱਚ ਕ੍ਰੇਗ ਜੈਫਰੀ ਕਹਿੰਦਾ ਹੈ ਕਿ ਵਿਦਿਆਰਥੀ ਇੱਥੇ ਬਿਤਾਏ ਵਰ੍ਹਿਆਂ ਨੂੰ ਨਾ ਤਾਂ ਆਲੋਚਕ ਦੇ ਤੌਰ 'ਤੇ ਦੇਖਦੇ ਹਨ ਤੇ ਨਾ ਇਹ ਸਿੱਖਿਆ ਉਹਨਾਂ ਨੂੰ ਨੌਕਰੀ ਦੇ ਯੋਗ ਬਣਾਉਂਦੀ ਹੈ, ਇਹ ਤਾਂ ਬੱਸ ਉਨ੍ਹਾਂ ਲਈ 'ਟਾਇਮ ਪਾਸ' ਹੀ ਹੁੰਦਾ ਹੈ। 27 ਮੌਜੂਦਾ ਦੌਰ ਵਿੱਚ ਕੇਂਦਰੀ ਅਤੇ ਸੂਬਾਈ ਯੂਨੀਵਰਸਿਟੀਆਂ, ਸਰਕਾਰਾਂ ਦੇ ਦੰਡਕਾਰੀ ਵਿਹਾਰ ਅਤੇ ਨਵੀਆਂ ਨੀਤੀਆਂ ਕਾਰਨ ਆਲੋਚਨਾਤਮਕ ਦ੍ਰਿਸ਼ਟੀਕੋਣ ਪੈਦਾ ਕਰਨ ਦੀ ਬਜਾਏ ਸਰਕਾਰੀ ਪ੍ਰਚਾਰ ਦਾ ਗੜ੍ਹ ਬਣਦੀਆਂ ਜਾ ਰਹੀਆਂ ਹਨ।



ਅਮਰੀਕਾ ਦੀਆਂ ਯੂਨੀਵਰਸਿਟੀਆਂ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਕੀ ਭਾਵ ਲੈਂਦੀਆਂ ਹਨ। ਜ਼ਿੰਨ ਇਸ ਨੂੰ ਉਦਾਹਰਨ ਸਹਿਤ ਸਮਝਾਉਂਦਾ ਹੋਇਆ ਲਿਖਦਾ ਹੈ ਕਿ ਜਿਵੇਂ ਪੁੱਛਿਆ ਜਾਵੇਗਾ, ਅਮਰੀਕਾ ਦੀ ਰਾਜਧਾਨੀ ਕਿਹੜੀ ਹੈ? ਤੁਸੀਂ ਚੈੱਕ ਕਰ ਸਕਦੇ ਹੋ। ਤੁਸੀਂ ਬੋਸਟਨ ਕਤਲੇਆਮ ਦੀ ਗਲਤ ਤਾਰੀਖ ਦੱਸ ਦਿੱਤੀ ਹੈ ਤਾਂ ਤੁਸੀਂ ਆਸਾਨੀ ਨਾਲ ਠੀਕ ਕਰ ਸਕਦੇ ਹੋ, ਸੋ ਇਸ ਤਰ੍ਹਾਂ ਗ਼ੈਰ-ਜ਼ਰੂਰੀ ਤੱਥਾਂ ਬਾਰੇ ਆਲੋਚਨਾਤਮਕ ਦ੍ਰਿਸ਼ਟੀਕੋਣ ਬਣਾਉਣ 'ਤੇ ਕਿਸੇ ਨੂੰ ਕੋਈ ਵੀ ਇਤਰਾਜ਼ ਨਹੀਂ ਹੋ ਸਕਦਾ। ਯੂਨੀਵਰਸਿਟੀਆਂ ਵਿੱਚ ਇਸ ਦ੍ਰਿਸ਼ਟੀਕੋਣ ਨੂੰ ਮਾਮੂਲੀ ਚੀਜ਼ਾਂ ਉੱਪਰ ਲਾਗੂ ਕਰਨ ਨੂੰ ਹੀ ਆਲੋਚਨਾਤਮਕ ਦ੍ਰਿਸ਼ਟੀਕੋਣ ਮੰਨ ਲਿਆ ਜਾਂਦਾ ਹੈ।

ਪਾਕਿਸਤਾਨ ਦੇ ਮਸ਼ਹੂਰ ਦਾਨਿਸ਼ਵਰ ਡਾ. ਮੁਬਾਰਕ ਅਲੀ ਆਪਣੇ ਦੇਸ਼ ਦੀਆਂ ਉੱਚ ਸਿੱਖਿਆ ਸੰਸਥਾਵਾਂ ਉੱਪਰ ਤਬਸਰਾ ਕਰਦੇ ਹਨ ਕਿ ਯੂਨੀਵਰਸਿਟੀਆਂ ਨੇ ਆਪਣੇ ਕੋਰਸਾਂ ਲਈ ਇੱਕ ਵਾਰ ਜੋ ਸਿਲੇਬਸ ਬਣਾ ਦਿੱਤੇ ਉਹਨਾਂ ਵਿੱਚ ਬਦਲਾਅ ਲਿਆਉਣਾ ਬਹੁਤ ਮੁਸ਼ਕਿਲ ਹੁੰਦਾ ਹੈ। ਇਸ ਦੀ ਮੁੱਖ ਵਜ੍ਹਾ ਇਹ ਹੈ ਕਿ ਅਧਿਆਪਕ ਨਵੀਆਂ ਪ੍ਰਕਾਸ਼ਨਾਵਾਂ ਅਤੇ ਖੋਜ ਕਾਰਜਾਂ ਬਾਰੇ ਜਾਗਰੂਕ ਨਹੀਂ ਹੁੰਦੇ। ਉਹ ਥੋੜ੍ਹਾ-ਮੋਟਾ ਬਦਲਾਅ ਕਰਕੇ ਸਿਲੇਬਸ ਨੂੰ ਉਸੇ ਤਰ੍ਹਾਂ ਹੀ ਰੱਖਦੇ ਹਨ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਧਿਆਪਕ ਆਪਣੇ ਪੂਰੇ ਅਧਿਆਪਨ ਜੀਵਨ ਵਿੱਚ ਬਿਨਾਂ ਕੁਝ ਨਵਾਂ ਜੋੜੇ ਉਸੇ ਵਿਸ਼ੇ ਨੂੰ ਵਾਰ-ਵਾਰ ਪੜ੍ਹਾਉਂਦਾ ਰਹਿੰਦਾ ਹੈ। ਇਸ ਤਰ੍ਹਾਂ ਦੇ ਦੁਹਰਾਓ ਕਾਰਨ ਅਧਿਆਪਕ ਵਿੱਚ ਨਿਰਾਸ਼ਾ ਆਉਂਦੀ ਹੈ ਅਤੇ ਵਿਸ਼ੇ ਪ੍ਰਤੀ ਦਿਲਚਸਪੀ ਖ਼ਤਮ ਹੋ ਜਾਂਦੀ ਹੈ। ਇਸ ਪ੍ਰਕਿਰਿਆ ਨਾਲ ਸਾਲਾਨਾ ਇਮਤਿਹਾਨਾਂ ਵਿੱਚ ਪ੍ਰੀਖਿਅਕ ਕੁਝ ਕੁ ਪ੍ਰਸ਼ਨਾਂ ਦਾ ਲਗਾਤਾਰ ਦੁਹਰਾਓ ਕਰਦਾ ਰਹਿੰਦਾ ਹੈ। ਇਸ ਪੈਟਰਨ ਦੇ ਆਧਾਰ 'ਤੇ ਵਿਦਿਆਰਥੀ ਆਪਣਾ ਫਾਰਮੂਲਾ ਬਣਾਉਂਦੇ ਹਨ। ਉਹ ਬਾਜ਼ਾਰ ਵਿੱਚੋਂ ਪੰਜ ਸਾਲਾ ਪ੍ਰਸ਼ਨ ਪੱਤਰ ਵਾਲੀ ਗਾਈਡ ਖਰੀਦਦੇ ਹਨ ਅਤੇ ਇਮਤਿਹਾਨ ਦੀ ਤਿਆਰੀ ਲਈ ਪੰਦਰਾਂ ਪ੍ਰਸ਼ਨ ਤਿਆਰ ਕਰਦੇ ਹਨ। ਉਹਨਾਂ ਦੇ ਹੱਥ ਨਿਰਾਸ਼ਾ ਕਦੇ ਵੀ ਨਹੀਂ ਲਗਦੀ ਕਿਉਂਕਿ ਉਹੀ ਪ੍ਰਸ਼ਨ ਜਿਹੜੇ ਉਹਨਾਂ ਤਿਆਰ ਕੀਤੇ ਹੁੰਦੇ ਹਨ, ਪੇਪਰ ਵਿੱਚ ਆਉਂਦੇ ਹਨ। ਉਦਾਹਰਨ ਦੇ ਤੌਰ 'ਤੇ ਮੱਧਕਾਲੀਨ ਇਤਿਹਾਸ ਦੇ ਪੇਪਰ ਵਿੱਚ ਭਾਰਤ ਵਿੱਚ ਮੁਸਲਿਮ ਰਾਜ ਦਾ ਅਸਲੀ ਬਾਨੀ ਕੌਣ ਸੀ? ਕੁਤਬੁਦੀਨ ਐਬਕ ਜਾਂ ਇਲਤੁਤਮਿਸ਼। ਬਲਬਨ ਦੀ ਬਾਦਸ਼ਾਹੀ ਦਾ ਕੀ ਸਿਧਾਂਤ ਸੀ? ਅਲਾਉਦੀਨ ਦੇ ਆਰਥਿਕ ਸੁਧਾਰਾਂ ਦਾ ਵਰਨਣ ਕਰੋ। ਅਕਬਰ ਦੀ ਧਾਰਮਿਕ ਨੀਤੀ ਦਾ ਵਰਨਣ ਕਰੋ ਆਦਿ। ਵਿਦਿਆਰਥੀ ਕਦੇ ਵੀ ਮੁਢਲੇ ਸਰੋਤਾਂ ਤੱਕ ਨਹੀਂ ਪੁੱਜਦੇ, ਉਹ ਦੁਜੈਲੇ ਸਰੋਤਾਂ ਅਤੇ ਸਸਤੀਆਂ ਗਾਈਡਾਂ 'ਤੇ ਨਿਰਭਰ ਹਨ, ਨਾ ਕਿ ਸਮਕਾਲੀ ਖੋਜਾਂ ਉੱਪਰ। ਵਿਦਿਆਰਥੀਆਂ ਵਿੱਚ ਕਿਸੇ ਵੀ ਪੱਧਰ 'ਤੇ ਕੋਈ ਵੀ ਬਹਿਸ ਨਹੀਂ ਕਰਾਈ ਜਾਂਦੀ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਵਿਦਿਆਰਥੀ ਨੂੰ ਆਪਣੇ ਵਿਚਾਰਾਂ ਜਾਂ ਆਪਣੀ ਰਾਏ ਬਣਾਉਣ ਲਈ ਜੋ ਮਾਹੌਲ ਮਿਲਣਾ ਚਾਹੀਦਾ ਹੈ, ਉਹ ਨਹੀਂ ਮਿਲਦਾ।



ਅਸਲ ਵਿੱਚ ਇਹ ਟਿੱਪਣੀ ਇਕੱਲੇ ਪਾਕਿਸਤਾਨ 'ਤੇ ਹੀ ਨਹੀਂ ਢੁਕਦੀ, ਸਗੋਂ ਹੋਰ ਦੇਸ਼ਾਂ ਦੀਆਂ ਉੱਚ ਸੰਸਥਾਵਾਂ ਲਈ ਵੀ ਓਨੀ ਹੀ ਸਾਰਥਿਕ ਹੈ। ਸਾਡੇ ਆਪਣੇ ਦੇਸ਼ ਦੀਆਂ ਉੱਚ ਸਿੱਖਿਆ ਵਿਦਿਅਕ ਸੰਸਥਾਵਾਂ ਵਿੱਚ ਵੀ ਪ੍ਰੀਖਿਆ ਤੇ ਪ੍ਰਸ਼ਨਾਂ ਦਾ ਢੰਗ ਇਹੋ ਹੀ ਹੈ।

ਹੋਰ ਦੇਸ਼ਾਂ ਵਾਂਗ ਹੀ ਭਾਰਤ ਦੀਆਂ ਯੂਨੀਵਰਸਿਟੀਆਂ ਵੱਲੋਂ ਵੀ ਇੱਕਤਰਫ਼ਾ ਸਿਲੇਬਸ ਲਾਗੂ ਕੀਤਾ ਜਾ ਰਿਹਾ ਹੈ ਜਿਸ ਤਹਿਤ ਖ਼ਾਸ ਤੌਰ 'ਤੇ ਘੱਟ ਗਿਣਤੀਆਂ, ਆਦਿਵਾਸੀਆਂ ਅਤੇ ਦੱਬੇ-ਕੁਚਲੇ ਲੋਕਾਂ ਦੀ ਅਵਾਜ਼ ਨੂੰ ਅਕਾਦਮਿਕ ਘੇਰਿਆਂ ਵਿੱਚੋਂ ਬਾਹਰ ਕੱਢਿਆ ਜਾ ਰਿਹਾ ਹੈ। ਜਿਵੇਂ ਦਿੱਲੀ ਯੂਨੀਵਰਸਿਟੀ ਦੇ ਅੰਡਰ-ਗ੍ਰੈਜੂਏਟ ਇਤਿਹਾਸ (ਆਨਰਜ਼) ਦੇ ਪਹਿਲੇ ਪੇਪਰ ਵਿੱਚ ਇੱਕ ਵਿਸ਼ੇਸ਼ ਧਰਮ ਦਾ ਸਾਹਿਤ ਪਾਇਆ ਗਿਆ ਹੈ ਜਦੋਂਕਿ ਉਸ ਸਮੇਂ ਦਾ ਧਰਮ ਨਿਰਪੱਖ ਸਾਹਿਤ, ਕੌਟਲਿਆ ਦਾ ਅਰਥ ਸ਼ਾਸਤਰ, ਕਾਲੀਦਾਸ ਦੀਆਂ ਕਵਿਤਾਵਾਂ ਅਤੇ ਆਯੁਰਵੇਦ ਪਾਠ ਚਰਕ ਸੰਹਿਤਾ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ। ਇਤਿਹਾਸ ਦੇ ਸਿਲੇਬਸ ਵਿੱਚ ਧਾਰਮਿਕ ਪਾਤਰਾਂ ਨੂੰ ਅਤੇ ਮਿਥਿਹਾਸਕ ਸੰਕਲਪਾਂ ਨੂੰ ਜ਼ਿਆਦਾ ਸਥਾਨ ਦਿੱਤਾ ਗਿਆ ਹੈ। ਭਾਰਤ ਦੀ ਪੁਰਾਤਨ ਸੱਭਿਅਤਾ ਨੂੰ ਬਿਨਾਂ ਕਿਸੇ ਆਲੋਚਨਾ ਦੇ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਿਵੇਂ ਇਹ ਸਦੀਵੀ ਸੱਚਾਈ ਹੋਵੇ ਜਦੋਂਕਿ ਇਤਿਹਾਸ ਵਿੱਚ ਸਦੀਵੀ ਵਰਗੀ ਕੋਈ ਚੀਜ਼ ਨਹੀਂ ਹੁੰਦੀ। ਕਿਸੇ ਚੀਜ਼ ਨੂੰ ਸਦੀਵੀ ਕਹਿਣਾ ਇਤਿਹਾਸਕ ਖੋਜ ਦੇ ਸਿਧਾਂਤਾਂ ਦੇ ਵਿਰੁੱਧ ਹੈ।

ਸਿੱਖਿਆ ਨੂੰ ਪ੍ਰੀਖਿਆਵਾਂ ਤੱਕ ਮਹਿਦੂਦ ਕਰਕੇ ਰੱਖ ਦਿੱਤਾ ਜਾਂਦਾ ਹੈ। ਇਹਨਾਂ ਪ੍ਰੀਖਿਆਵਾਂ ਵਿੱਚੋਂ ਅੱਵਲ ਆਉਣਾ ਹੀ ਹਰੇਕ ਵਿਦਿਆਰਥੀ ਦਾ ਮਨੋਰਥ ਬਣ ਕੇ ਰਹਿ ਜਾਂਦਾ ਹੈ। ਵਿਦਿਆਰਥੀ ਨਾ ਮੁੱਕਣ ਵਾਲੀ ਚੂਹਾ ਦੌੜ ਵਿੱਚ ਸ਼ਾਮਲ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖੀ ਸੰਵੇਦਨਾਵਾਂ ਨੂੰ ਵਿਦਿਆਰਥੀਆਂ ਦੇ ਮਨਾਂ ਵਿੱਚ ਉਪਜਣ ਤੋਂ ਪਹਿਲਾਂ ਹੀ ਕੁਚਲ ਦਿੱਤਾ ਜਾਂਦਾ ਹੈ। ਇਹਨਾਂ ਸਾਰੇ ਪੜ੍ਹੇ ਲਿਖਿਆਂ ਵਿੱਚ ਜ਼ਿੰਦਗੀ ਅਤੇ ਜਗਤ ਪ੍ਰਤੀ ਸੰਵੇਦਨਾ ਦੀ ਘਾਟ ਤਾਅ-ਉਮਰ ਬਣੀ ਰਹਿੰਦੀ ਹੈ।

ਜੇ ਕੁਝ ਵਿਦਿਆਰਥੀ ਆਪਣੇ ਪੱਧਰ 'ਤੇ ਆਪਣੀ ਜ਼ਿੰਦਗੀ ਦੇ ਅਨੁਭਵਾਂ ਤੋਂ ਪ੍ਰੇਰਨਾ ਲੈਂਦੇ ਹੋਏ ਆਪਣੇ-ਆਪਣੇ ਕੈਂਪਸ ਵਿੱਚ ਆਲੋਚਨਾਤਮਕ ਸੋਚ ਦਾ ਪਸਾਰ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਯੂਨੀਵਰਸਿਟੀਆਂ ਆਪਣੇ ਕੰਮਕਾਰ ਦੇ ਢੰਗ ਵਿੱਚ ਅਜਿਹੇ ਵਿਦਿਆਰਥੀਆਂ ਪ੍ਰਤੀ ਕਿੰਨੀਆਂ ਕੁ ਸੰਵੇਦਨਸ਼ੀਲ ਹਨ? ਇਸ ਦੀਆਂ ਉਦਾਹਰਨਾਂ 2016 ਦੇ ਸ਼ੁਰੂ ਵਿੱਚ ਹੋਏ ਰੋਹਿਤ ਵੈਮੁਲਾ ਦੇ 'ਸੰਸਥਾਗਤ ਕਤਲ' ਤੋਂ ਸ਼ੁਰੂ ਹੋ ਕੇ ਅਣਗਿਣਤ ਹਨ। ਜਿਵੇਂ ਹਰਿਆਣੇ ਦੀ ਕੇਂਦਰੀ ਯੂਨੀਵਰਸਿਟੀ ਨੇ ਆਪਣੇ ਉਹਨਾਂ ਵਿਦਿਆਰਥੀਆਂ 'ਤੇ ਕੇਸ ਦਰਜ ਕਰਵਾਏ, ਜਿਹੜੇ ਆਪਣੇ ਸਮੂਹ ਦਾ ਫੇਸਬੁੱਕ ਪੇਜ ਚਲਾ ਰਹੇ ਸਨ। ਇਸੇ ਤਰ੍ਹਾਂ ਝਾਰਖੰਡ ਦੀ ਕੇਂਦਰੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਆਪਣੀ ਮਹਿਲਾ ਸਾਥੀ ਨੂੰ ਇਸ ਲਈ ਮੁਅੱਤਲ ਕਰ ਦਿੱਤਾ, ਕਿਉਂਕਿ ਉਸ ਨੇ ਜੇ.ਐੱਨ.ਯੂ. ਦੇ ਇੱਕ ਰਿਟਾਇਰ ਅਧਿਆਪਕ ਨੂੰ ਲੈਕਚਰ ਦੇਣ ਲਈ ਸੱਦਾ ਪੱਤਰ ਭੇਜਿਆ ਸੀ। 30 ਪਿਛਲੇ ਸਮੇਂ ਦੌਰਾਨ ਸਾਡੇ ਦੇਸ਼ ਦੀਆਂ ਉਹਨਾਂ ਉੱਚ ਸਿੱਖਿਆ ਸੰਸਥਾਵਾਂ/ਯੂਨੀਵਰਸਿਟੀਆਂ ਜਿੱਥੋਂ ਦੇ ਵਿਦਿਆਰਥੀ ਆਪਣਾ ਅਜ਼ਾਦ ਰਾਜਨੀਤਕ ਦ੍ਰਿਸ਼ਟੀਕੋਣ ਰੱਖਣ ਲਈ ਜਾਣੇ ਜਾਂਦੇ ਸਨ, ਉਹਨਾਂ ਉੱਪਰ ਗੁੰਡਾ ਅਨਸਰਾਂ ਜਾਂ ਪੁਲਸ ਬਲ ਦੀ ਸਹਾਇਤਾ ਨਾਲ ਬਹੁਤ ਹੀ ਯੋਜਨਾਬੱਧ ਢੰਗ ਨਾਲ ਹਮਲੇ ਕਰਵਾਏ ਗਏ। ਇਹ ਭਾਵੇਂ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਜੇ.ਐੱਨ.ਯੂ., ਪੰਜਾਬ ਯੂਨੀਵਰਸਿਟੀ ਜਾਂ ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਹੋਵੇ।

ਇਸੇ ਤਰ੍ਹਾਂ ਦੇ ਹਾਲਾਤ ਹੀ ਅਮਰੀਕਾ ਦੀ ਕੈਲੇਫੋਰਨੀਆ ਯੂਨੀਵਰਸਿਟੀ ਬਰਕਲੇ ਤੋਂ ਸਾਊਥ ਅਫਰੀਕਾ ਦੀ ਕਵਾ ਜ਼ੁਲੂ ਨਟਾਲ (Kwa Zulu-Natal) ਅਤੇ ਤੁਰਕੀ ਤੋਂ ਇੰਗਲੈਂਡ ਅਤੇ ਚੀਨ ਦੀਆਂ ਯੂਨੀਵਰਸਿਟੀਆਂ ਤੱਕ ਬਣੇ ਹੋਏ ਹਨ। ਖੋਜਾਰਥੀਆਂ 'ਤੇ ਹੋ ਰਹੇ ਹਮਲਿਆਂ ਨੂੰ ਰਿਕਾਰਡ ਕਰਨ ਵਾਲੀ ਸੰਸਥਾ (ਅਕਾਦਮਿਕ ਫਰੀਡਮ ਮੋਨੀਟਰ) ਨੇ 2010 ਤੋਂ 2017 ਤੱਕ ਦੁਨੀਆ ਭਰ ਅੰਦਰ 640 ਵਾਰਦਾਤਾਂ ਦੀ ਨਿਸ਼ਾਨਦੇਹੀ ਕੀਤੀ ਹੈ, ਜਿਹੜੇ ਖੋਜਾਰਥੀਆਂ ਦੀ ਅਕਾਦਮਿਕ ਅਜ਼ਾਦੀ ਨੂੰ ਦਬਾਉਣ ਲਈ ਕੀਤੇ ਗਏ, ਜਿਹਨਾਂ ਵਿੱਚ ਹੱਤਿਆਵਾਂ, ਹਿੰਸਾ, ਗੁੰਮਸ਼ੁਦਾ ਕੈਦੀ ਬਣਾਉਣਾ, ਕੇਸ ਦਰਜ ਕਰਨੇ, ਅਹੁਦੇ ਤੋਂ ਹਟਾਉਣਾ ਅਤੇ ਯਾਤਰਾ ਕਰਨ 'ਤੇ ਪਾਬੰਦੀ ਲਾਉਣਾ ਆਦਿ ਸ਼ਾਮਲ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਢੰਗ ਹਨ, ਜਿਵੇਂ ਲੋਕ ਪੱਖੀ ਲੇਖਕਾਂ ਨੂੰ ਡਰਾਉਣਾ ਜਾਂ ਮੁਅੱਤਲ ਕਰਨਾ ਇਸ ਸੂਚੀ ਵਿੱਚ ਸ਼ਾਮਲ ਨਹੀਂ ਹਨ। 31 ਪੱਤਰਕਾਰੀ ਦੇ ਉਲਟ, ਅਕਾਦਮਿਕਤਾ ਨੂੰ ਆਮ ਤੌਰ 'ਤੇ ਖ਼ਤਰਨਾਕ ਨਹੀਂ ਸਮਝਿਆ ਜਾਂਦਾ। ਫਿਰ ਵੀ ਸਕਾਲਰਜ਼ ਐਟਰਿਸਕ ਸੰਸਥਾ ਨੇ 2011 ਤੋਂ 2015 ਦਰਮਿਆਨ 65 ਦੇਸ਼ਾਂ ਵਿੱਚ ਉੱਚ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਫੈਕਲਟੀ ਉੱਤੇ 333 ਹਮਲਿਆਂ ਨੂੰ ਦਰਜ ਕੀਤਾ ਹੈ, ਜਦੋਂ ਕਿ 2016-17 ਵਿੱਚ 35 ਦੇਸ਼ਾਂ ਵਿੱਚ 257 ਅਤੇ 2020-21 ਦਰਮਿਆਨ 65 ਦੇਸ਼ਾਂ ਵਿੱਚ 332 ਹਮਲੇ ਹੋਏ ਹਨ। ਇਹਨਾਂ ਹਮਲਿਆਂ ਵਿੱਚ ਕਤਲਾਂ, ਹਿੰਸਾ ਅਤੇ ਲਾਪਤਾ ਹੋਣ ਤੋਂ ਲੈ ਕੇ, ਅਹੁਦਿਆਂ ਤੋਂ ਹਟਾ ਦੇਣਾ, ਮੁਕੱਦਮੇ ਚਲਾਉਣਾ, ਜੇਲ੍ਹਾਂ, ਯਾਤਰਾ 'ਤੇ ਪਾਬੰਦੀ ਆਦਿ ਅਣਗਿਣਤ ਸ਼ਾਮਲ ਹਨ। 32 ਯੂਨੀਵਰਸਿਟੀ ਪ੍ਰਸ਼ਾਸਨ ਜਾਂ ਰਾਜ ਅਕਸਰ ਸਮਾਜ ਨੂੰ ਚੌਕਸ ਕਰਨ ਵਾਲੇ ਬੁੱਧੀਜੀਵੀਆਂ ਨੂੰ ਲੋੜੀਂਦੀ ਸੁਰੱਖਿਆ ਪ੍ਰਦਾਨ ਕਰਨ ਵਿੱਚ ਅਸਫ਼ਲ ਰਹੇ ਹਨ।

ਪਿਛਲੇ ਦਿਨੀਂ ਯੂਨੀਵਰਸਿਟੀਆਂ ਵਿੱਚ ਪਨਪ ਰਹੇ ਇੱਕ ਹੋਰ ਰੁਝਾਨ ਦੀ ਨਿਸ਼ਾਨਦੇਹੀ ਕਰਦੇ ਹੋਏ, ਪੋਰਟਲੈਂਡ ਸਟੇਟ ਯੂਨੀਵਰਸਿਟੀ ਦੇ ਅਧਿਆਪਕ ਪੀਟਰ ਬੋਘੋ ਸੀਅਨ ਨੇ ਆਪਣੇ ਅਸਤੀਫੇ ਵਿੱਚ ਲਿਖਿਆ ਕਿ "ਅਜੋਕੀ ਯੂਨੀਵਰਸਿਟੀ ਵਿੱਚ ਬੌਧਿਕ ਪੜਚੋਲ ਨੂੰ ਹਰ ਪੱਧਰ 'ਤੇ ਅਸੰਭਵ ਬਣਾਇਆ ਜਾ ਰਿਹਾ ਹੈ। ਇਸ ਤਰ੍ਹਾਂ ਅਜ਼ਾਦ ਖ਼ਿਆਲੀ ਦੇ ਇਸ ਮੁਜੱਸਮੇ ਨੂੰ 'ਸਮਾਜਿਕ ਨਿਆਂ ਦੀ ਫੈਕਟਰੀ' ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਜਿੱਥੇ ਨਸਲ, ਲਿੰਗ ਤੇ ਪਛਾਣ ਆਦਿ ਦੇ ਸੰਕੀਰਨ ਦ੍ਰਿਸ਼ਟੀਕੋਣ ਤੋਂ ਸਮਾਜਿਕ ਯਥਾਰਥ ਦੀ ਵਿਆਖਿਆ ਕੀਤੀ ਜਾਂਦੀ ਹੈ ਅਤੇ ਸਿੱਟੇ ਵਜੋਂ ਫੁੱਟ ਪਾਉਣ ਵਾਲੀ ਅਤੇ ਸ਼ਿਕਾਇਤੀ ਸੁਰ ਵਾਲੀ ਪੀੜਤ ਬਿਰਤੀ ਪੈਦਾ ਹੁੰਦੀ ਹੈ। ਪੋਰਟਲੈਂਡ ਸਟੇਟ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੋਚਣਾ ਨਹੀਂ ਸਿਖਾਇਆ ਜਾ ਰਿਹਾ, ਸਗੋਂ ਇਸ ਦੇ ਉਲਟ ਉਹਨਾਂ ਨੂੰ ਵਿਚਾਰਧਾਰਕਾਂ ਦੀ 'ਨੈਤਿਕ ਨਿਸ਼ਚਿਤਤਾ' ਦੀ ਨਕਲ ਕਰਨ ਦੀ ਸਿਖਲਾਈ ਦਿੱਤੀ ਜਾਂਦੀ ਹੈ। ਫੈਕਲਟੀ ਅਤੇ ਪ੍ਰਸ਼ਾਸਕਾਂ ਨੇ ਯੂਨੀਵਰਸਿਟੀ ਦੇ ਸੱਚ ਨੂੰ ਭਾਲਣ ਅਤੇ ਸਮਝਣ ਦੇ ਮਿਸ਼ਨ ਨੂੰ ਤਿਆਗ ਦਿੱਤਾ ਹੈ ਅਤੇ ਇਸ ਦੀ ਥਾਂ 'ਤੇ ਵੱਖੋ-ਵੱਖਰੇ ਵਿਸ਼ਵਾਸਾਂ ਅਤੇ ਵਿਚਾਰਾਂ ਪ੍ਰਤੀ ਅਸਹਿਣਸ਼ੀਲਤਾ ਦਾ ਮਾਹੌਲ ਸਿਰਜਿਆ ਹੈ। ਇਸ ਨਾਲ ਅਜਿਹਾ ਸੱਭਿਆਚਾਰ ਪੈਦਾ ਹੋ ਗਿਆ ਹੈ, ਜਿਸ ਵਿੱਚ ਕਿਸੇ ਦੀਆਂ ਵੀ 'ਭਾਵਨਾਵਾਂ' ਜ਼ਖ਼ਮੀ ਹੋਣ ਦੀ ਸ਼ਿਕਾਇਤ ਹੋ ਸਕਦੀ ਹੈ, ਇਸ ਲਈ ਵਿਦਿਆਰਥੀ ਖੁੱਲ੍ਹ ਕੇ ਅਤੇ ਇਮਾਨਦਾਰੀ ਨਾਲ ਬੋਲਣ ਤੋਂ ਡਰਦੇ ਹਨ। ਬੋਘੋ ਸੀਅਨ ਅੱਗੇ ਲਿਖਦਾ ਹੈ ਕਿ 'ਮੈਂ ਪੋਰਟਲੈਂਡ ਸਟੇਟ ਯੂਨੀਵਰਸਿਟੀ ਵਿੱਚ ਆਪਣੇ ਸਮੇਂ ਦੌਰਾਨ ਅਕਾਦਮੀ ਦੇ ਉਦਾਰਵਾਦੀ ਮਾਹੌਲ ਨੂੰ ਨਿਘਰਦੇ ਹੋਏ ਦੇਖਿਆ। ਮੈਂ ਵਿਦਿਆਰਥੀਆਂ ਨੂੰ ਆਪਣੇ ਤੋਂ ਵੱਖਰੇ ਦ੍ਰਿਸ਼ਟੀਕੋਣਾਂ ਨਾਲ ਸੰਵਾਦ ਕਰਨ ਤੋਂ ਇਨਕਾਰ ਕਰਦੇ ਦੇਖਿਆ'। ਉਸ ਦੇ ਕਹਿਣ ਦਾ ਅਰਥ ਹੈ ਕਿ ਵਿਦਿਆਰਥੀਆਂ ਨੂੰ ਪਛਾਣ (ਦੇਸ਼, ਨਸਲ, ਜਾਤ, ਲਿੰਗ, ਭਾਸ਼ਾ, ਧਰਮ ਆਦਿ) ਪ੍ਰਤੀ ਭਾਵੁਕ ਕਰਕੇ ਬਹੁਤ ਹੀ ਸੰਕੀਰਨ ਦ੍ਰਿਸ਼ਟੀਕੋਣ ਤੋਂ ਪੜ੍ਹਾਇਆ ਜਾਂਦਾ ਹੈ। ਜਿਸ ਕਰਕੇ ਉਹਨਾਂ ਵਿੱਚ ਕੱਟੜਵਾਦੀ ਰੁਚੀਆਂ ਪੈਦਾ ਹੁੰਦੀਆਂ ਹਨ। ਦੂਸਰੇ ਨਾਲ ਸੰਵਾਦ ਰਚਾਉਣਾ ਤਾਂ ਦੂਰ ਦੀ ਗੱਲ, ਵਿਦਿਆਰਥੀ ਉਹਨਾਂ ਦਾ ਪੱਖ ਸੁਣਨ ਨੂੰ ਵੀ ਤਿਆਰ ਨਹੀਂ ਹੁੰਦੇ। ਆਪਣੇ ਸੰਕੀਰਨ ਸੱਚ ਨੂੰ ਮਨਾਉਣ ਦੀ ਜ਼ਿੱਦ ਤਹਿਤ ਬਹੁਤੀ ਵਾਰ ਭਾਵਨਾਵਾਂ ਜ਼ਖ਼ਮੀ ਹੋਣ ਦਾ ਦਾਅਵਾ ਕਰਕੇ ਹਿੰਸਾ ਦਾ ਸਹਾਰਾ ਲਿਆ ਜਾਂਦਾ ਹੈ। ਇਹ ਸਭ ਕੁਝ ਇਸ ਕਰਕੇ ਵਾਪਰ ਰਿਹਾ ਹੈ ਕਿਉਂਕਿ ਯੂਨੀਵਰਸਿਟੀਆਂ ਵਿਦਿਆਰਥੀਆਂ ਨੂੰ ਇੱਕ-ਅਯਾਮੀ ਸੋਚ ਵਾਲਾ ਵਿਅਕਤੀ ਬਣਾ ਰਹੀਆਂ ਹਨ।

ਵਰਤਮਾਨ ਸਮੇਂ ਦੌਰਾਨ ਸੰਸਾਰ ਪੱਧਰ ਉੱਪਰ ਨਵ-ਉਦਾਰਵਾਦੀ ਵਿਚਾਰਧਾਰਾ ਤਹਿਤ, ਸਿੱਖਿਆ ਸੰਬੰਧੀ ਜੋ ਨੀਤੀਆਂ ਬਣਾਈਆਂ ਗਈਆਂ ਹਨ ਜਾਂ ਜੋ ਦਸਤਾਵੇਜ਼ ਸਰਕਾਰਾਂ ਵੱਲੋਂ ਜਾਰੀ ਕੀਤੇ ਗਏ ਹਨ, ਉਹਨਾਂ ਵਿੱਚ ਸਿੱਖਿਆ ਨੂੰ ਉਦਯੋਗ ਨਾਲ ਜੋੜਨ ਦੇ ਨਿਰਦੇਸ਼ ਦਿੱਤੇ ਗਏ ਹਨ। ਯੂਨੀਵਰਸਿਟੀਆਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਨਵੇਂ ਕੋਰਸ ਪ੍ਰਾਈਵੇਟ ਉੱਦਮੀਆਂ ਦੀਆਂ ਬਦਲ ਰਹੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕਰਨ। 34 ਇਸ ਨੀਤੀ ਤਹਿਤ ਮਾਰਕੀਟ ਹੀ ਤੈਅ ਕਰੇਗੀ ਕਿ ਕਿਹੜਾ ਕੋਰਸ ਚਲਾਉਣਾ ਹੈ ਜਾਂ ਬੰਦ ਕਰਨਾ ਹੈ। ਸੋ ਸਿੱਖਿਆ ਵਿਕਣ ਵਾਲੀ ਜਿਨਸ ਬਣ ਚੁੱਕੀ ਹੈ। ਇਹੀ ਕਾਰਨ ਹੈ ਕਿ ਸੰਸਾਰ ਪੱਧਰ ਦੀਆਂ ਕਈ ਯੂਨੀਵਰਸਿਟੀਆਂ ਅੰਦਰ ਹਿਊਮੈਨਟੀਜ਼ ਨਾਲ ਸੰਬੰਧਤ ਕਈ ਵਿਭਾਗ ਬੰਦ ਕਰ ਦਿੱਤੇ ਗਏ ਹਨ। ਉਸ ਦੀ ਥਾਂ 'ਤੇ ਕਿੱਤਾ ਮੁਖੀ ਹੁਨਰੀ ਵਿਕਾਸ ਦੇ ਕੋਰਸ ਸ਼ੁਰੂ ਕੀਤੇ ਗਏ ਹਨ। ਇਸ ਪ੍ਰਕਿਰਿਆ ਵਿੱਚ ਵਿਦਿਆਰਥੀ ਗਾਹਕ ਬਣ ਰਹੇ ਹਨ ਤੇ ਅਧਿਆਪਕ ਇੱਕ ਫੈਕਟਰੀ ਵਿੱਚ ਕੰਮ ਕਰਨ ਵਾਲੇ ਅਸੈਂਬਲੀ ਲਾਈਨ ਕਾਮੇ ਬਣ ਕੇ ਰਹਿ ਗਏ ਹਨ। ਬਿੱਲਗੀ ਡਿੰਗਜ਼ (Bill Readings) ਨੇ ਆਪਣੀ ਕਿਤਾਬ The University in Ruins (1996) ਵਿੱਚ ਯੂਨੀਵਰਸਿਟੀਆਂ ਬਾਰੇ ਬਹੁਤ ਹੀ ਸਟੀਕ ਟਿੱਪਣੀ ਕੀਤੀ ਹੈ ਕਿ ਵਰਤਮਾਨ ਸਮੇਂ ਦੀਆਂ ਯੂਨੀਵਰਸਿਟੀਆਂ ਕਾਰਪੋਰੇਟ ਤਾਕਤਾਂ ਤੋਂ ਭੈਅਭੀਤ ਨਹੀਂ ਹੁੰਦੀਆਂ, ਕਿਉਂਕਿ ਉਹ ਕਾਰਪੋਰੇਟ ਵਰਗੀਆਂ ਨਹੀਂ ਹਨ ਸਗੋਂ ਕਾਰਪੋਰੇਟ ਹੀ ਹਨ। ਇਹੋ ਜਿਹੀਆਂ 'ਉੱਤਮ' ਯੂਨੀਵਰਸਿਟੀਆਂ (ਜਿਹੜੀਆਂ ਹੁਣ ਮਿਆਰੀ ਬਰਾਂਡ ਬਣ ਚੁੱਕੀਆਂ ਹਨ) ਦੇ ਵਿਦਿਆਰਥੀ ਗਾਹਕਾਂ ਦੀ ਤਰ੍ਹਾਂ ਨਹੀਂ ਹਨ, ਬਲਕਿ ਗਾਹਕ ਹੀ ਹਨ। ਸੋ ਵਰਤਮਾਨ ਯੂਨੀਵਰਸਿਟੀਆਂ ਇੱਕ ਤਰ੍ਹਾਂ ਨਾਲ ਕਾਰਪੋਰੇਟ ਹਾਊਸ ਵਿੱਚ ਬਦਲਦੀਆਂ ਜਾ ਰਹੀਆਂ ਹਨ, ਜਿਹਨਾਂ ਦਾ ਮੁੱਖ ਮਕਸਦ ਕਿੱਤਾ-ਮੁਖੀ ਕੋਰਸ ਕਰਾਉਣਾ ਤੇ ਵੱਧ ਤੋਂ ਵੱਧ ਲਾਭ ਕਮਾਉਣਾ ਹੈ। ਅੱਜਕੱਲ੍ਹ ਯੂਨੀਵਰਸਿਟੀਆਂ ਆਪਣੀ ਰੈਂਕਿੰਗ ਨਾਲ ਜ਼ਿਆਦਾ ਜਾਣੀਆਂ ਜਾਂਦੀਆਂ ਹਨ। 36 ਇਸ ਦਰਜੇਬੰਦੀ ਦੀ ਕੀਮਤ ਉਵੇਂ ਹੀ ਹੈ, ਜਿਵੇਂ ਸ਼ੇਅਰ ਬਾਜ਼ਾਰ ਵਿੱਚ ਕੰਪਨੀਆਂ ਦੀ ਦਰਜੇਬੰਦੀ ਦੀ ਹੁੰਦੀ ਹੈ। ਦਰਅਸਲ ਜਿਸ ਤਰ੍ਹਾਂ ਦੇ ਵਪਾਰਕ ਮਾਡਲ ਨੂੰ ਯੂਨੀਵਰਸਿਟੀਆਂ ਨਕਲ ਕਰਕੇ ਲਾਗੂ ਕਰਨ ਵਿੱਚ ਰੁੱਝੀਆਂ ਹੋਈਆਂ ਹਨ, ਉਸ ਤਰ੍ਹਾਂ ਦੇ ਮਾਡਲ ਤਾਂ ਸ਼ਾਇਦ ਵਪਾਰਕ ਘਰਾਣੇ ਆਪ ਵੀ ਨਾ ਪ੍ਰਫੁੱਲਤ ਕਰਨਾ ਚਾਹੁੰਦੇ ਹੋਣ।

ਸੰਪਰਕ-94782-81331